# ਸਾਡੀ ਸੱਚੀ ਪਛਾਣ ਨੂੰ ਖੋਜਣਾ

ਫ੍ਰੈਂਕਲਿਨ ਦੇ ਨੋਟਸ

## ਖੋਜ ਇਸ ਪ੍ਰਸ਼ਨ ਨਾਲ ਸ਼ੁਰੂ ਹੁੰਦੀ ਹੈ:

**(15) ਤੁਸੀਂ ਕੀ ਆਖਦੇ ਹੋ ਜੋ ਮੈਂ ਕੌਣ ਹਾਂ?** ਮੱਤੀ 16:15-20

- ਹਰੇਕ ਵਿਅਕਤੀ ਨੂੰ ਇਸ ਪ੍ਰਸ਼ਨ ਦਾ ਉੱਤਰ ਦੇਣਾ ਚਾਹੀਦਾ ਹੈ।
- ਹਰੇਕ ਵਿਅਕਤੀ ਦਾ ਹਰ ਰੋਜ਼ ਦਾ ਅਤੇ ਸਦੀਪਕ-ਕਾਲ ਦਾ ਭਵਿੱਖ, ਇਸ ਪ੍ਰਸ਼ਨ ਦੇ ਉੱਤਰ ਉੱਤੇ ਨਿਰਭਰ ਕਰਦਾ ਹੈ
- ਇਸ ਜੀਵਨ ਵਿੱਚ ਤੁਹਾਡੀਆਂ ਬਰਕਤਾਂ ਤੁਹਾਡੇ ਉੱਤਰ ਉੱਤੇ ਨਿਰਭਰ ਕਰਦੀਆਂ ਹਨ

(16) ਸ਼ਮਊਨ ਪਤਰਸ ਨੇ ਉੱਤਰ ਦਿੱਤਾ : ਤੂੰ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਮਸੀਹ ਹੈਂ।

- ਸ਼ਮਊਨ ਦੇ ਸਹੀ ਉੱਤਰ ਦੇਣ ਦੇ ਨਤੀਜੇ ਵਜੋਂ ਉਹ ਆਪਣੇ ਜੀਵਨ, ਆਪਣੇ ਜੀਵਨ ਦੇ ਉਦੇਸ਼, ਆਪਣੀ ਸੇਵਕਾਈ ਅਤੇ ਸਭ ਤੋਂ ਮਹੱਤਵਪੂਰਣ ਸਦੀਪਕ-ਕਾਲ ਦੇ ਜੀਵਨ ਦੀ ਖੋਜ ਕਰ ਸਕਿਆ।
- ਸ਼ਮਊਨ ਪਹਿਲਾਂ ਹੀ ਪ੍ਰਭੂ ਦੇ ਪਿੱਛੇ ਤੁਰ ਰਿਹਾ ਸੀ, ਪਰ ਜਿੰਨਾਂ ਜ਼ਿਆਦਾ ਉਹ ਇਸ ਗੱਲ ਨੂੰ ਸਪਸ਼ਟ ਰੂਪ ਵਿੱਚ ਸਮਝ ਸਕਿਆ ਕਿ ਯਿਸੂ ਕੌਣ ਸੀ, ਉਸਦਾ ਜੀਵਨ ਓਨਾਂ ਜ਼ਿਆਦਾ ਬਦਲ ਗਿਆ।

  ਲੂਕਾ 5:1-11 ਵਿੱਚ, ਸ਼ਮਊਨ ਯਿਸੂ ਨੂੰ ਮਿਲਿਆ ਅਤੇ ਉਸ ਉੱਤੇ ਇਹ ਪਰਗਟ ਹੋਣਾ ਸ਼ੁਰੂ ਹੋਇਆ ਕਿ ਯਿਸੂ ਕੌਣ ਸੀ। ਪਹਿਲਾਂ: ਇੱਕ ਚੰਗਾ **ਗੁਰੂ।** ਫੇਰ ਮੱਛੀਆਂ ਫੜ੍ਹਨ ਦਾ ਚਮਤਕਾਰ ਵੇਖਣ ਤੋਂ ਬਾਅਦ, ਸ਼ਮਊਨ ਨੇ ਉਸ ਨੂੰ ਸਭਨਾਂ ਦਾ **ਪ੍ਰਭੂ** ਕਰਕੇ ਪਛਾਣਿਆਂ। ਚਮਤਕਾਰ ਨੇ ਇਹ ਪਰਗਟ ਕੀਤਾ ਕਿ ਉਹ ਕੌਣ ਸੀ। ਚਮਤਕਾਰ ਜ਼ਰੂਰੀ ਹਨ ਅਤੇ ਅੱਜ ਵੀ ਹੁੰਦੇ ਹਨ ਅਤੇ ਸਰਬ ਸ਼ਕਤੀਮਾਨ ਪ੍ਰਭੂ – ਯਿਸੂ ਮਸੀਹ ਦੀ ਸੱਚੀ ਪਛਾਣ ਨੂੰ ਪਰਗਟ ਕਰਦੇ ਹਨ।

(17) ਯਿਸੂ ਨੇ ਉਹ ਨੂੰ ਉੱਤਰ ਦਿੱਤਾ, **ਧੰਨ** ਹੈਂ ਤੂੰ **ਸ਼ਮਊਨ ਬਰ-ਯੋਨਾਹ** ਕਿਉਂ ਜੋ ਸਰੀਰ ਅਤੇ ਲਹੂ **ਨੇ ਨਹੀਂ** ਸਗੋਂ **ਮੇਰੇ ਪਿਤਾ** ਨੇ ਜਿਹੜਾ ਸੁਰਗ ਵਿੱਚ ਹੈ ਇਹ ਗੱਲ ਤੇਰੇ ਉੱਤੇ **ਪਰਗਟ ਕੀਤੀ।**

- ਪ੍ਰਭੂ ਯਿਸੂ ਨੇ ਪਹਿਲਾਂ ਉਸ ਨੂੰ ਉਸ ਦੀ **"ਸੰਸਾਰਕ ਪਛਾਣ"** ਨਾਲ ਬੁਲਾਇਆ ਸ਼ਮਊਨ ਬਰ-ਯੋਨਾਹ।
  - ਬਰ-ਯੋਨਾਹ ਅਰਾਮੀ ਭਾਸ਼ਾ ਦਾ ਇੱਕ ਸ਼ਬਦ ਹੈ, ਜਿਸਦਾ ਅਰਥ ਹੈ "ਯੋਨਾਹ ਦਾ ਪੁੱਤਰ"

- ਇਸ ਗੱਲ ਦੀ ਖੋਜ ਕਿ ਯਿਸੂ ਅਸਲ ਵਿੱਚ ਕੌਣ ਹੈ, ਸਿਰਫ ਪਰਕਾਸ਼ਨ ਦੁਆਰਾ ਹੀ ਮਿਲ ਸਕਦੀ ਹੈ।

  ਯਿਸੂ ਨੇ ਆਖਿਆ: **ਕੋਈ ਨਹੀਂ ਜਾਣਦਾ ਭਈ ਪੁੱਤਰ ਕੌਣ ਹੈ** ਪਰ ਪਿਤਾ ਅਰ ਪਿਤਾ ਕੌਣ ਹੈ ਪਰ ਪੁੱਤਰ ਅਤੇ **ਉਹ ਜਿਸ ਉੱਤੇ ਪੁੱਤਰ ਉਸ ਨੂੰ ਪਰਗਟ ਕੀਤਾ ਚਾਹੇ।** ਲੂਕਾ 10:22

  ਸਾਡੇ ਪਿਤਾ ਨੇ ਆਪਣੇ ਪੁੱਤਰ ਨੂੰ ਸਾਡੇ ਹਰੇਕ ਉੱਤੇ ਪਰਗਟ ਕੀਤਾ ਹੈ, ਅਤੇ ਯਿਸੂ ਨੇ ਸਾਡੇ ਪਿਤਾ ਨੂੰ ਸਾਡੇ ਉੱਤੇ ਪਰਗਟ ਕੀਤਾ ਹੈ, ਜਿਵੇਂ ਉਸ ਨੇ ਪਤਰਸ ਉੱਤੇ ਕੀਤਾ।

**(18) ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ** (ਪੈਟ੍ਰੋਸ – ਇੱਕ ਛੋਟੀ ਚੱਟਾਨ)

- ਫੇਰ, ਯਿਸੂ ਨੇ ਸ਼ਿਮਓਨ ਉੱਤੇ ਉਸ ਦੀ **ਸਵਰਗੀ ਪਛਾਣ** ਪਰਗਟ ਕੀਤੀ – ਉਹ ਨਾਮ ਜੋ ਉਸ ਦੇ ਸਵਰਗੀ ਪਿਤਾ ਨੇ ਉਸ ਨੂੰ ਦਿੱਤਾ ਸੀ ਇਸ ਤੋਂ **ਪਹਿਲਾਂ** ਕਿ ਉਹ ਪੈਦਾ ਹੋਇਆ।

ਉਹ ਨਾਮ ਜਿਸ ਦੇ ਦੁਆਰਾ ਉਹ ਸਵਰਗ ਵਿੱਚ ਜਾਣਿਆ ਜਾਂਦਾ ਹੈ

ਪਰਕਾਸ਼ ਦੀ ਪੋਥੀ 13:8 ਅਤੇ 17:8 **ਨਾਉਂ . . . ਜੀਵਨ ਦੀ ਪੋਥੀ** ਵਿੱਚ **ਜਗਤ ਦੇ ਮੁੱਢੋਂ** ਹੀ **ਲਿਖਿਆ** ਗਿਆ।
ਪਰਕਾਸ਼ ਦੀ ਪੋਥੀ 2:17 ਮੈਂ ਉਸ ਨੂੰ ... ਇੱਕ ਨਵਾਂ ਨਾਉਂ ਦਿਆਂਗਾ (ਬਾਈਬਲ ਵਿੱਚ 13 ਵਾਰ ਇਸ ਦਾ ਜ਼ਿਕਰ ਕੀਤਾ ਗਿਆ ਹੈ)

ਅਫ਼ਸੀਆਂ 1:4 ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ **ਅੱਗੋਂ** ਹੀ ਉਸ ਵਿੱਚ **ਚੁਣ ਲਿਆ**।

ਜਗਤ ਦੀ ਨੀਂਹ ਧਰਨ ਤੋਂ ਪਹਿਲਾਂ, ਤੁਹਾਡੇ ਜਨਮ ਲੈਣ ਤੋਂ ਪਹਿਲਾਂ, ਤੁਹਾਨੂੰ ਚੁਣ ਲਿਆ ਗਿਆ ਅਤੇ ਇੱਕ ਨਾਮ ਦਿੱਤਾ ਗਿਆ। ਤੁਸੀਂ ਪਰਮੇਸ਼ੁਰ ਦੀ ਯੋਜਨਾ ਸੀ।

ਲੂਕਾ 19:55 ਯਿਸੂ ਦੀ ਜ਼ੱਕੀ ਨਾਲ ਜਾਣ-ਪਛਾਣ ਨਹੀਂ ਕਰਵਾਈ ਗਈ, **ਉਹ ਉਸ ਦਾ ਨਾਮ ਜਾਣਦਾ ਸੀ!**

ਉਤਪਤ 17:5 ਉਪਰੰਤ ਤੇਰਾ ਨਾਉਂ ਫੇਰ ਅਬਰਾਮ ਨਹੀਂ ਸੱਦਿਆ ਜਾਵੇਗਾ ਪਰ ਤੇਰਾ ਨਾਉਂ ਅਬਰਾਹਾਮ ਹੋਵੇਗਾ ਕਿਉਂਕਿ ਮੈਂ ਤੈਨੂੰ ਬਹੁਤੀਆਂ ਕੌਮਾਂ ਦਾ ਪਿਤਾ ਠਹਿਰਾ ਦਿੱਤਾ ਹੈ।

ਯਿਰਮਿਯਾਹ 1:4-8 ਤਾਂ ਯਹੋਵਾਹ ਦਾ ਬਚਨ ਏਹ ਆਖ ਕੇ ਮੇਰੇ ਕੋਲ ਆਇਆ, (5) **ਏਹ ਤੋਂ ਪਹਿਲਾਂ** ਕਿ ਮੈਂ ਤੈਨੂੰ ਢਿੱਡ ਵਿੱਚ ਸਾਜਿਆ **ਮੈਂ ਤੈਨੂੰ ਜਾਣਦਾ ਸਾਂ**, ਏਹ ਤੋਂ ਪਹਿਲਾਂ ਕਿ ਤੂੰ ਕੁੱਖੋਂ ਨਿੱਕਲਿਆ **ਮੈਂ ਤੈਨੂੰ ਵੱਖਰਾ ਕੀਤਾ**।

ਕੂਚ 33:17 ਯਹੋਵਾਹ ਨੇ ਮੂਸਾ ਨੂੰ ਆਖਿਆ, ਜਿਹੜੀ ਗੱਲ ਤੈਂ ਕੀਤੀ ਹੈ ਮੈਂ ਏਹ ਵੀ ਕਰਾਂਗਾ ਕਿਉਂ ਜੋ ਮੇਰੀ ਕਿਰਪਾ ਤੇਰੇ ਉੱਤੇ ਦੀ ਨਿਗਾਹ ਤੇਰੇ ਉੱਤੇ ਹੈ ਅਤੇ **ਮੈਂ ਤੈਨੂੰ ਨਾਉਂ ਤੋਂ ਜਾਣਦਾ ਹਾਂ**।

2 ਤਿਮੋਥੀ 2:19 ਤਾਂ ਵੀ ਪਰਮੇਸ਼ਰ ਦੀ ਧਰੀ ਹੋਈ ਪੱਕੀ ਨੀਂਹ ਅਟੱਲ ਰਹਿੰਦੀ ਹੈ ਜਿਹ ਦੇ ਉੱਤੇ ਇਹ ਮੋਹਰ ਲੱਗੀ ਹੋਈ ਹੈ ਭਈ **"ਪ੍ਰਭੂ ਆਪਣਿਆਂ ਨੂੰ ਜਾਣਦਾ ਹੈ।"**

ਇਹ ਉਹ ਸਥਾਨ ਹੈ ਜਿੱਥੇ ਪਰਿਵਾਰਕ ਯੋਜਨਾ ਸ਼ੁਰੂ ਹੋਈ। ਇਹ ਅਜਿਹਾ ਜਾਪਦਾ ਹੈ ਜਿਵੇਂ ਅਸੀਂ ਕਿਸੇ ਦੂਜੇ ਦੇਸ ਵਿੱਚ ਪੈਦਾ ਹੋਏ ਜੋ ਬਹੁਤ ਦੀ ਦੁਸ਼ਟ ਸ਼ਾਸਕ ਦੇ ਅਧੀਨ ਸੀ, ਜੋ ਇਹ ਹੱਕ ਜਤਾਉਂਦਾ ਸੀ ਕਿ ਅਸੀਂ ਉਸ ਦੇ ਹਾਂ, ਅਤੇ ਸਾਨੂੰ ਉਸ ਦੇ ਦੁਸ਼ਟ ਮਾਰਗਾਂ ਦੀ ਸਿੱਖਿਆ ਦਿੱਤੀ ਗਈ। ਇੱਕ ਪਰਾਏ ਦੇਸ ਵਿੱਚ ਰਹਿੰਦੇ ਹੋਏ, ਉਸ ਦੇ ਸਾਰੇ ਝੂਠਾਂ ਨੂੰ ਸੱਚ ਮੰਨਦੇ ਹੋਏ ਅਤੇ ਉਸ ਦੇ ਦੁਸ਼ਟ ਤਰੀਕਿਆਂ ਅਨੁਸਾਰ ਜੀਵਨ ਬਤੀਤ ਕਰਦੇ ਹੋਏ ਅਸੀਂ ਇਨ੍ਹਾਂ ਗੱਲਾਂ ਨੂੰ ਹੀ ਆਪਣੀ ਸੱਚੀ ਪਛਾਣ ਮੰਨ ਲਿਆ।

ਪਰ, ਇਹ ਸੱਚ ਨਹੀਂ ਹੈ। **ਅਸੀਂ ਰਾਜੇ ਦੀ ਸੰਤਾਨ ਹਾਂ।** ਅਸੀਂ **ਰਾਜਕੁਮਾਰ ਅਤੇ ਰਾਜਕੁਮਾਰੀਆਂ** ਹਾਂ ਪਰ ਇਸ ਗੱਲ ਨੂੰ ਜਾਣਦੇ ਨਹੀਂ ਸੀ। ਅਸੀਂ ਮੰਨ ਲਿਆ ਕਿ ਅਸੀਂ ਕੰਗਾਲ ਹਾਂ, ਅਤੇ ਸੜਕਾਂ ਉੱਤੇ ਰਹਿਣ ਵਾਲੇ ਬੱਚਿਆਂ ਦੀ ਤਰ੍ਹਾਂ ਹੋ ਗਏ ਜੋ ਕੁਝ ਨਹੀਂ ਹਨ ਅਤੇ ਜਿਨ੍ਹਾਂ ਕੋਲ ਕੁਝ ਨਹੀਂ ਹੈ। ਇਹ ਉਸ ਕਹਾਣੀ ਦੀ ਤਰ੍ਹਾਂ ਹੈ ਜਿਸਦਾ ਨਾਮ ਹੈ, ਰਾਜਕੁਮਾਰ ਭਿਖਾਰੀ ਦੇ ਭੇਸ ਵਿੱਚ – ਸਿਰਫ਼ ਉਹ ਹੀ ਜਾਣਦੇ ਸਨ ਕਿ ਉਹ ਕੌਣ ਹਨ।

- ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਅਸੀਂ ਜਾਣੀਏ ਕਿ ਅਸੀਂ **ਸੱਚਮੁੱਚ** ਕੌਣ ਹਾਂ।

  ਹੋਸ਼ੇਆ 4:6 ਮੇਰੀ ਪਰਜਾ ਗਿਆਨ ਬਹੂਣੀ ਨਾਸ ਹੁੰਦੀ ਹੈ।
  ਯਸਾਯਾਹ 5:13 ਏਸ ਲਈ ਮੇਰੀ ਪਰਜਾ ਬੇਸਮਝੀ ਦੇ ਕਾਰਨ ਅਸੀਰੀ ਵਿੱਚ ਜਾਂਦੀ ਹੈ।
  ਯੂਹੰਨਾ 8:32 ਅਰ ਤੁਸੀਂ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ।

- ਅੱਜ ਅਸੀਂ ਉਸ ਪਛਾਣ ਨਾਲ ਜੀ ਰਹੇ ਹਾਂ, ਜਿਸ ਨੂੰ ਅਸੀਂ **ਗਲਤੀ ਨਾਲ** ਆਪਣੀ ਮੰਨ ਲਿਆ ਹੈ। ਸ਼ਮਊਨ ਸੋਚਦਾ ਸੀ ਕਿ ਉਹ ਸਿਰਫ਼ ਇੱਕ ਮਾਛੀ ਹੀ ਹੈ।

- ਅਸੀਂ ਸਾਰੇ ਹੀ ਪਛਾਣ ਚੋਰੀ ਦੇ ਸ਼ਿਕਾਰ ਹੋਏ ਹਾਂ! ਅਸੀਂ ਮੰਨ ਲਿਆ ਹੈ, ਸਵੀਕਾਰ ਕੀਤਾ ਹੈ ਅਤੇ ਸਿਰਫ਼ ਆਪਣੀ ਸੰਸਾਰਕ ਪਛਾਣ ਨਾਲ ਜੀਵਨ ਬਤੀਤ ਕੀਤਾ ਹੈ।

- ਸਿਰਫ਼ ਸੰਸਾਰਕ ਪਛਾਣ ਨੂੰ ਜਾਣਨਾ ਸਾਨੂੰ ਬੇੜੀਆਂ ਵਿੱਚ ਬੰਨ੍ਹ ਦਿੰਦਾ ਹੈ, ਸਾਨੂੰ ਇੱਕ ਹੀ ਸਥਾਨ ਤੇ ਕੈਦ ਕਰ ਦਿੰਦਾ ਹੈ।

- ਜਦੋਂ ਅਸੀਂ ਆਪਣੀ ਸਵਰਗੀ ਪਛਾਣ ਨੂੰ ਜਾਣ ਲੈਂਦੇ ਹਾਂ ਤਾਂ ਸਾਨੂੰ ਆਪਣੇ ਅਤੀਤ ਤੋਂ ਛੁਟਕਾਰਾ ਮਿਲ ਜਾਂਦਾ ਹਾਂ।

- ਅਸੀਂ ਆਪਣੀ **ਸੱਚੀ ਪਛਾਣ** ਦੀ ਖੋਜ ਕਰ ਲਵਾਂਗੇ, ਜਦ ਅਸੀਂ ਜਾਣ ਲਵਾਂਗੇ ਕਿ:

ਪਹਿਲਾ – **ਯਿਸੂ** ਕੌਣ ਹੈ : **ਤੁਸੀਂ ਕੀ ਆਖਦੇ ਹੋ ਜੋ ਮੈਂ ਕੌਣ ਹਾਂ?**

–ਅਤੇ–

ਦੂਸਰਾ – ਜਦ ਅਸੀਂ ਇਸ ਗੱਲ ਨੂੰ ਜਾਣ ਲੈਂਦੇ ਹਾਂ ਕਿ ਸਾਡਾ ਅਸਲ **ਪਿਤਾ** ਸੱਚਮੁੱਚ ਹੈ ਕੌਣ।

**ਕੋਈ ਨਹੀਂ ਜਾਣਦਾ** ਭਈ ... ਪਿਤਾ ਕੌਣ ਹੈ ਪਰ ਪੁੱਤ੍ਰ ਅਤੇ **ਉਹ ਜਿਸ ਉੱਤੇ ਪੁੱਤ੍ਰ ਉਸ ਨੂੰ ਪਰਗਟ ਕੀਤਾ ਚਾਹੇ।** ਲੂਕਾ 10:22

ਜਿਵੇਂ-ਜਿਵੇਂ ਇਸ ਗੱਲ ਬਾਰੇ ਸਾਡਾ ਪਰਕਾਸ਼ਨ ਵਧਦਾ ਹੈ ਕਿ **ਯਿਸੂ ਅਸਲ ਵਿੱਚ ਹੈ ਕੌਣ**, ਤਿਵੇਂ ਹੀ ਅਸੀਂ ਜਾਣਦੇ ਜਾਂਦੇ ਹਾਂ ਕਿ **ਅਸਲ ਵਿੱਚ ਸਾਡਾ ਪਿਤਾ ਕੌਣ ਹੈ**, ਇਹ ਸਾਡੀ **ਸੱਚੀ ਪਛਾਣ** ਨੂੰ ਪਰਗਟ ਕਰਦਾ ਹੈ ਅਰਥਾਤ – ਅਸੀਂ ਸਵਰਗ ਵਿੱਚ ਕਿਵੇਂ ਜਾਣੇ ਜਾਂਦੇ ਹਾਂ – ਅਤੇ ਇਸ ਦੇ ਨਾਲ-ਨਾਲ – ਸਾਡੀ ਮੰਜ਼ਲ ਨੂੰ ਵੀ ਪਰਗਟ ਕਰਦਾ ਹੈ।

- ਜੋ ਤੁਸੀਂ ਆਪਣੇ ਬਾਰੇ ਮੰਨਦੇ ਹੋ ਕਿ ਤੁਸੀਂ ਹੋ, ਉਹੋ ਤੁਹਾਡੇ ਜੀਵਨ ਦੇ ਉਦੇਸ਼ ਨੂੰ ਤੈਅ ਕਰਦਾ ਅਤੇ ਤੁਹਾਨੂੰ ਚਲਾਉਂਦਾ ਹੈ।

- ਆਪਣੀ ਸਵਰਗੀ ਪਛਾਣ ਨੂੰ ਜਾਣਨਾ ਸਾਡੇ ਲਈ ਦਰਵਾਜ਼ੇ ਖੋਲ੍ਹ ਦਿੰਦਾ ਹੈ ਕਿ ਅਸੀਂ ਆਪਣੇ ਜੀਵਨ ਦੇ ਅਸਲ ਉਦੇਸ਼ ਨੂੰ ਪੂਰਾ ਕਰੀਏ ਅਤੇ ਉਸ ਮੰਜ਼ਲ ਨੂੰ ਪ੍ਰਾਪਤ ਕਰੀਏ ਜਿਸ ਦੇ ਲਈ ਸਾਨੂੰ ਸਿਰਜਿਆ ਗਿਆ ਸੀ।

- ਤੁਸੀਂ ਕੀ ਸੋਚਦੇ ਹੋ ਕਿ ਯਿਸੂ **ਕੌਣ** ਹੈ, ਇਹੋ ਗੱਲ ਉਸ ਨਾਲ ਤੁਹਾਡੇ ਰਿਸ਼ਤੇ ਨੂੰ ਆਕਾਰ ਦਿੰਦੀ ਹੈ।

    - ਕੁਝ ਲੋਕ ਸੋਚਦੇ ਸਨ ਕਿ ਉਹ : ਇੱਕ ਚੰਗਾ ਮਨੁੱਖ / ਇੱਕ ਸਿੱਖਿਅਕ / ਇੱਕ ਗੁਰੂ / ਇੱਕ ਤਰਖਾਣ ਸੀ / ਕੁਝ ਸੋਚਦੇ ਸਨ ਕਿ ਉਹ ਪਾਗਲ ਹੈ ਅਤੇ ਉਸ ਵਿੱਚ ਦੁਸ਼ਟ-ਆਤਮਾ ਹੈ

  ਅੱਜ ਜਿਸ ਤਰ੍ਹਾਂ ਤੁਸੀਂ ਉਸ ਨੂੰ ਪ੍ਰਤੀਉੱਤਰ ਦਿੰਦੇ ਹੋ, ਜਿਸ ਤਰ੍ਹਾਂ ਦਾ ਜੀਵਨ ਤੁਸੀਂ ਬਤੀਤ ਕਰ ਰਹੇ ਹੋ, ਇਹ ਉਸ ਗੱਲ ਨੂੰ ਦਰਸਾਉਂਦਾ ਹੈ ਕਿ ਤੁਸੀਂ ਸੱਚਮੁੱਚ ਉਸ ਨੂੰ ਕੀ ਮੰਨਦੇ ਹੋ। ਉਦਾਹਰਣ ਦੇ ਲਈ:

    - ਕੀ ਉਹ ਸਿਰਫ਼ ਪਰਮੇਸ਼ੁਰ ਹੈ, ਜੋ ਸਵਰਗ ਵਿੱਚ ਬੈਠਾ ਹੋਇਆ ਹੈ, ਬਹੁਤ ਦੂਰ ਅਤੇ ਉਸ ਨੂੰ ਕੋਈ ਪਰਵਾਹ ਨਹੀਂ ਕਿ ਅੱਜ ਤੁਹਾਡੇ ਜੀਵਨ ਵਿੱਚ ਕੀ ਵਾਪਰ ਰਿਹਾ ਹੈ। ਇਸੇ ਤਰ੍ਹਾਂ ਤੁਸੀਂ ਆਪਣਾ ਜੀਵਨ ਬਤੀਤ ਕਰਦੇ ਹੋ . . . ਆਪਣੀ ਸੰਸਾਰਕ ਪਛਾਣ ਨਾਲ ਜੀਉਂਦੇ ਹੋਏ।

    - ਕੀ ਅਸੀਂ ਵਿਸ਼ਵਾਸ ਕਰਦੇ ਹਾਂ ਅਤੇ ਜਿਵੇਂ ਵਚਨ ਵਿੱਚ ਉਸ ਨੂੰ ਪਰਗਟ ਕੀਤਾ ਗਿਆ ਹੈ, ਕੀ ਸਾਡਾ ਜੀਵਨ ਇਹ ਦਰਸਾਉਂਦਾ ਹੈ ਉਸ ਨੂੰ ਉਸ ਰੂਪ ਵਿੱਚ ਦਰਸਾਉਂਦਾ ਹੈ ਭਾਵ – ਸਰਬ ਸ਼ਕਤੀਮਾਨ ਪਰਮੇਸ਼ੁਰ ਦੇ ਰੂਪ ਵਿੱਚ?

    - ਅਸੀਂ ਕਿਸ ਹੱਦ ਤੱਕ ਇਹ ਵਿਸ਼ਵਾਸ ਕਰਦੇ ਹਾਂ ਕਿ ਉਹ ਪ੍ਰਭੂ ਹੈ? ਲੂਕਾ 6:46

ਆਓ, ਅਸੀਂ ਇਸ ਗੱਲ ਉੱਤੇ ਧਿਆਨ ਲਗਾਈਏ: **ਤੁਸੀਂ ਕੀ ਆਖਦੇ ਹੋ ਜੋ ਮੈਂ ਕੌਣ ਹਾਂ?**

ਕੁਲੁੱਸੀਆਂ 1:13-20 ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪੁਚਾ ਦਿੱਤਾ। (14) ਉਸ ਦੇ ਵਿੱਚ ਸਾਨੂੰ **ਨਿਸਤਾਰਾ** ਅਰਥਾਤ ਪਾਪਾਂ ਦੀ **ਮਾਫ਼ੀ** ਮਿਲਦੀ ਹੈ। (15) **ਉਹ** ਅਲੱਖ ਪਰਮੇਸ਼ਰ ਦਾ **ਰੂਪ** ਅਤੇ ਸਾਰੀ ਸਰਿਸ਼ਟ ਵਿੱਚੋਂ **ਜੇਠਾ** ਹੈ।

- **ਉਹ** ਸਰਬ ਸ਼ਕਤੀਮਾਨ ਪਰਮੇਸ਼ੁਰ ਦਾ **ਪਿਆਰਾ ਪੁੱਤਰ** ਹੈ।

- **ਉਹ ਨਿਸਤਾਰਾ** ਦੇਣ ਵਾਲਾ ਹੈ – **ਉਸ ਨੇ** ਸਾਡੇ **ਪਾਪਾਂ ਦੀ ਮਾਫ਼ੀ** ਦੀ ਕੀਮਤ ਚੁਕਾਈ, ਜੋ ਉਸ ਦਾ ਸੀ ਉਸੇ ਨੂੰ **ਖ਼ਰੀਦਣ** ਅਤੇ **ਦੁਬਾਰਾ ਵਾਪਸ** ਲੈਣ ਦਾ **ਮੁੱਲ**।

- **ਉਹ ਸਰੂਪ** ਹੈ – ਬਿਲਕੁਲ ਪਰਮੇਸ਼ੁਰ ਪਿਤਾ ਦਾ ਸਰੂਪ

  ਯਿਸੂ ਨੇ ਆਖਿਆ : ਜੇਕਰ ਤੁਸੀਂ ਮੈਨੂੰ ਵੇਖਿਆ ਹੈ, ਤਾਂ ਤੁਸੀਂ ਪਿਤਾ ਨੂੰ ਵੇਖਿਆ ਹੈ।

- **ਉਹ ਜੇਠਾ** ਹੈ – ਪਰਮੇਸ਼ੁਰ ਪਿਤਾ ਦੇ ਸਾਹਮਣੇ ਸਭ ਤੋਂ **ਪਹਿਲੇ ਸਥਾਨ** ਤੇ ਖੜ੍ਹਾ ਹੁੰਦਾ ਹੈ, ਜਿਸ ਦੇ ਦੁਆਰਾ ਸਵਰਗ ਅਤੇ ਧਰਤੀ ਦੇ ਹਰੇਕ **ਪਰਿਵਾਰ** ਆਪਣੇ ਨਾਮ ਪ੍ਰਾਪਤ ਕਰਦਾ ਹੈ।

  ਅਫ਼ਸੀਆਂ 3:15 (ਸਾਡੇ ਪਰਿਵਾਰ ਦਾ ਨਾਮ ਪਿਆਰ ਹੋ ਸਕਦਾ ਹੈ। ਸਫ਼ਾ 15 ਵੇਖੋ)

  ਰੋਮੀਆਂ 8:29 ਕਿਉਂਕਿ ਜਿਨ੍ਹਾਂ ਨੂੰ ਉਹ ਨੇ **ਪਹਿਲਾਂ ਤੋਂ ਜਾਣਿਆ** ਸੀ ਉਸ ਨੇ ਓਹਨਾਂ ਨੂੰ **ਅੱਗਿਓਂ ਠਹਿਰਾਇਆ** ਭਈ ਉਹ ਦੇ ਪੁੱਤਰ ਦੇ ਸਰੂਪ ਉੱਤੇ ਬਣਨ (ਤੁਹਾਡੀ ਮੰਜ਼ਲ) ਭਈ ਉਹ **ਬਹੁਤੇ ਭਰਾਵਾਂ** (ਪਰਿਵਾਰ) ਵਿੱਚੋਂ **ਜੇਠਾ** ਹੋਵੇ।

(16) ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ **ਉਸੇ ਤੋਂ ਉਤਪਤ ਹੋਈਆਂ**, ਨਾਲੇ ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖਤਿਆਰ, **ਸੱਭੋ ਕੁਝ ਉਸ ਦੇ ਰਾਹੀਂ ਅਤੇ ਉਸੇ ਦੇ ਲਈ** ਉਤਪਤ ਹੋਇਆ ਹੈ।

- **ਉਹ ਬੁੱਧ ਵਿੱਚ ਸਭ ਤੋਂ ਉੱਪਰ, ਸਰਬ ਗਿਆਨੀ** ਹੈ – ਸਭ ਕੁਝ ਜਾਣਨ ਵਾਲਾ

- ਉਹ ਸਵਰਗ ਅਤੇ ਧਰਤੀ ਦੀ ਅਤੇ ਜੋ ਕੁਝ ਉਸ ਵਿੱਚ ਹੈ, ਉਨ੍ਹਾਂ ਸਭਨਾਂ ਦੀ ਸਿਰਜਣਾ ਕਰਨ ਵਾਲਾ **ਸਰਬਸ਼੍ਰੇਸ਼ਠ ਸਿਰਜਣਹਾਰ** ਹੈ: ਨਾ ਸਮਾਪਤ ਹੋਣ ਵਾਲੇ ਸਾਰੇ ਰਸਾਇਣ ਵਿਗਿਆਨ, ਭੌਤਿਕ ਵਿਗਿਆਨ, ਗਣਿਤ, ਜੀਵ ਵਿਗਿਆਨ, ਅੰਤ੍ਰਿਖ ਵਿਗਿਆਨ ਆਦਿ, . . . ਸਾਰੇ ਸਰੀਰਕ ਅਤੇ ਆਤਮਿਕ ਕਨੂੰਨਾਂ ਨੂੰ ਉਹੋ ਬਣਾਉਂਦਾ ਹੈ ਸੰਭਾਲਦਾ ਹੈ।

- **ਉਹ ਸਰਬਸ਼ਕਤੀਮਾਨ ਹੈ** – ਜਿਸ ਨੇ ਆਪਣੀ ਬੁੱਧ ਨਾਲ ਸਭ ਕੁਝ ਰਚਿਆ ਅਤੇ ਉਨ੍ਹਾਂ ਨੂੰ ਹੋਂਦ ਵਿੱਚ ਲਿਆਇਆ।

  ਅੱਯੂਬ 26:7 ਉਹ ਉੱਤਰ ਦੇਸ ਨੂੰ ਵੇਹਲੇ ਥਾਂ ਉੱਤੇ ਫੈਲਾਉਂਦਾ ਹੈ, ਉਹ **ਧਰਤੀ ਨੂੰ ਬਿਨਾ ਸਹਾਰੇ ਦੇ ਲਟਕਾਉਂਦਾ ਹੈ!** . . . ਅਤੇ ਉਹਨਾਂ ਨੂੰ ਉੱਥੇ ਹੀ ਸਥਿਰ ਰਹਿਣ ਦਾ ਹੁਕਮ ਦਿੱਤਾ

(17) ਅਤੇ **ਉਹ ਸਭ ਤੋਂ ਪਹਿਲਾ ਹੈ** ਅਰ **ਸੱਭੋ ਕੁਝ** ਉਸੇ ਵਿੱਚ **ਕਾਇਮ ਰਹਿੰਦਾ ਹੈ।**

- **ਉਹ ਸਦੀਪਕ ਹੈ,** ਅਲਫ਼ਾ ਅਤੇ ਓਮੇਗਾ ਹੈ – ਉਸ ਦੀ ਨਾ ਕੋਈ ਸ਼ੁਰੂਆਤ ਹੈ ਨਾ ਕੋਈ ਅੰਤ – ਸਭ ਤੋਂ ਮਹਾਨ, ਸਭ ਤੋਂ ਉੱਪਰ, ਕਿਸੇ ਦੁਆਰਾ ਕਾਬੂ ਨਾ ਕੀਤਾ ਹੋਇਆ – ਪਰ ਉਸ ਸਮੇਂ ਨੂੰ ਕਾਬੂ ਕਰਦਾ ਹੈ

- **ਉਸ** ਦਾ ਸਥਾਨ ਹਰ ਇਨਸਾਨ ਤੋਂ ਅਤੇ ਹਰ ਚੀਜ਼ ਤੋਂ **ਪ੍ਰਮੁੱਖ** ਹੈ

- **ਉਹ** ਸਾਰੇ ਬ੍ਰਹਿਮੰਡ ਨੂੰ ਜੋੜ ਕੇ ਰੱਖਣ ਵਾਲੀ **ਪਰਮਾਣੂ ਗੂੰਦ** ਹੈ – ਜਿਸ ਤੋਂ ਅਤੇ ਜਿਸ ਦੇ ਆਲੇ-ਦੁਆਲੇ ਸਭ ਵਸਤਾਂ ਮੌਜੂਦ ਅਤੇ ਕਾਇਮ ਰਹਿੰਦੀਆਂ ਹਨ।

ਜੇ ਤੁਹਾਡਾ ਜੀਵਨ ਉਸ ਦੇ ਆਲੇ-ਦੁਆਲੇ ਨਹੀਂ ਘੁੰਮਦਾ, ਤਾਂ ਤੁਸੀਂ ਘੇਰੇ ਤੋਂ ਬਾਹਰ ਹੋ, ਏਕਤਾ ਤੋਂ ਬਾਹਰ ਹੋ, ਡੋਲਦੇ, ਕੰਬਦੇ, ਟਕਰਾਉਂਦੇ ਅਤੇ ਨੁਕਸਾਨ ਦਾ ਸਾਹਮਣਾ ਕਰਦੇ ਹੋ।

(18) ਉਹ **ਦੇਹੀ ਦਾ** ਅਰਥਾਤ ਕਲੀਸਿਯਾ ਦਾ **ਸਿਰ** ਹੈ, **ਉਹੋ ਆਦ ਹੈ,**

- **ਉਹ ਬੁੱਧ** ਹੈ, ਸ਼ਾਸਕ ਹੈ, ਪ੍ਰਬੰਧਕ ਅਤੇ ਆਪਣੀ ਦੇਹ ਦਾ ਪ੍ਰਭੂ ਹੈ
- ਉਹ **ਸ਼ੁਰੂਆਤ** ਹੈ, ਅਲਫ਼ਾ, ਅਰੰਭ, ਪਹਿਲੇ ਸਥਾਨ ਦਾ ਇਕਲੌਤਾ ਹੱਕਦਾਰ

ਅਤੇ ਮੁਰਦਿਆਂ ਵਿੱਚੋਂ **ਜੇਠਾ** ਹੈ ਭਈ ਉਹ **ਸਭਨਾਂ ਗੱਲਾਂ** ਵਿੱਚ **ਪਰਧਾਨ** ਹੋਵੇ।

- ਉਹੋ ਇਕੱਲਾ **ਪ੍ਰਮੁੱਖ ਸਥਾਨ** ਤੇ ਬਿਰਾਜਮਾਨ ਹੈ ਅਤੇ ਸਾਰੀ **ਸ੍ਰੇਸ਼ਠਤਾ** ਉਸੇ ਦੀ ਹੈ

(19) ਕਿਉਂ ਜੋ ਪਿਤਾ ਨੂੰ ਇਹ ਭਾਇਆ ਜੋ **ਸਾਰੀ ਸੰਪੂਰਨਤਾਈ ਉਸ ਵਿੱਚ ਵੱਸੇ।**

- **ਉਸ** ਵਿੱਚ **ਈਸ਼ਵਰੀ ਗੁਣ, ਸ਼ਕਤੀ ਅਤੇ ਅਧਿਕਾਰ** ਦੇ **ਸਾਰੇ ਗੁਣ** ਵਾਸ ਕਰਦੇ ਹਨ
- **ਉਹ ਸਰਬ ਸ਼ਕਤੀਮਾਨ ਪ੍ਰਭੂ ਹੈ**

(20) ਅਤੇ ਉਸ ਦੀ ਸਲੀਬ ਦੇ **ਲਹੂ** ਦੇ ਵਸੀਲੇ **ਮੇਲ** ਕਰਾ ਕੇ ... **ਸਾਰੀਆਂ ਵਸਤਾਂ** ਨੂੰ **...** ਉਸੇ ਦੇ ਰਾਹੀਂ ਆਪਣੇ ਨਾਲ **ਮਿਲਾਵੇ।**

- **ਇਕੱਲਾ** ਅਤੇ **ਇੱਕਮਾਤਰ ਉਹੋ ਹੈ** ਜੋ ਸਾਰੀਆਂ ਚੀਜ਼ਾਂ ਦਾ ਆਪਣੇ ਆਪ ਨਾਲ ਸਹੀ ਰਿਸ਼ਤੇ ਵਿੱਚ **ਮੇਲ ਕਰਾ ਸਕਦਾ ਹੈ,** ਪਾਪ ਦੀ ਰੁਕਾਵਟ ਦੀ ਕੰਧ ਨੂੰ ਆਪਣੇ ਸ਼ੁੱਧ, ਨਿਰਦੋਸ਼ ਅਤੇ ਪਵਿੱਤਰ ਲਹੂ ਨਾਲ ਹਟਾਉਣ ਦੇ ਦੁਆਰਾ, ਅਤੇ ਪ੍ਰਭੂ ਪਰਮੇਸ਼ੁਰ ਅਤੇ ਮਨੁੱਖਾਂ ਦੇ ਵਿਚਕਾਰ **ਸ਼ਾਂਤੀ** ਸਥਾਪਿਤ ਕਰਨ ਦੇ ਦੁਆਰਾ।

ਇਤਿਹਾਸ ਤੇ ਇੱਕ ਸਰਸਰੀ ਨਜ਼ਰ:

- ਆਦਮ ਅਤੇ ਹੱਵਾਹ? ਪਰਮੇਸ਼ੁਰ ਦੀ ਸਭ ਤੋਂ ਮਹਾਨ ਰਚਨਾ / ਉਹ ਦੇ ਸਰੂਪ ਤੇ ਬਣਾਏ ਹੋਏ, ਸਵਰਗ ਦੂਤਾਂ ਨੇ ਉਸ ਅਨੰਦ ਨੂੰ ਵੇਖਿਆ ਜੋ ਆਦਮ ਅਤੇ ਹੱਵਾਹ ਤੋਂ ਪਰਮੇਸ਼ੁਰ ਨੂੰ ਮਿਲਦਾ ਸੀ, ਜਦੋਂ ਉਹ ਉਸ ਬਗੀਚੇ ਵਿੱਚ ਇਕੱਠੇ ਤੁਰਦੇ-ਫਿਰਦੇ ਸਨ।

- ਸਵਰਗ ਦੂਤਾਂ ਦੇ ਉਨ੍ਹਾਂ ਨੂੰ ਪਾਪ ਕਰਦੇ ਹੋਏ ਅਤੇ ਪ੍ਰਭੂ ਪਰਮੇਸ਼ੁਰ ਤੋਂ ਅਲੱਗ ਹੁੰਦੇ ਹੋਏ ਵੀ ਵੇਖਿਆ। (ਯਸਾਯਾਹ 59:2) ਉਨ੍ਹਾਂ ਨੇ ਵੇਖਿਆ ਕਿ ਮਨੁੱਖ ਨੂੰ ਬਗੀਚੇ ਤੋਂ ਬਾਹਰ ਕੱਢ ਦਿੱਤਾ ਗਿਆ, ਚਾਨਣ ਤੋਂ ਹਨੇਰੇ ਵਿੱਚ, ਜੀਵਨ ਤੋਂ ਮੌਤ ਵਿੱਚ ਉਨ੍ਹਾਂ ਦਾ ਰਾਜ ਸ਼ਤਾਨ ਨੂੰ ਮਿਲ ਗਿਆ ਅਤੇ ਉਹ ਉਸ ਦੀ ਸ਼ਕਤੀ ਦੇ ਅਧੀਨ ਹੋ ਗਏ।
- ਅਤੇ ਇਸ ਵੱਡੀ ਗਿਰਾਵਟ ਨੂੰ ਵੇਖਣ ਤੋਂ ਬਾਅਦ, ਮੈਂ ਸੋਚਦਾ ਹਾਂ ਕਿ ਸਵਰਗ ਦੂਤਾਂ ਦੇ ਦੁਹਾਈ ਦਿੱਤੀ ਹੋਵੇਗੀ : *"ਕੀ ਕੀਤਾ ਜਾ ਸਕਦਾ ਹੈ?" "ਇਹ ਕਿਵੇਂ ਛੁਡਾਏ ਜਾ ਸਕਦੇ ਹਨ?"* (ਜਿਵੇਂ ਕਿ ਪਰਕਾਸ਼ ਦੀ ਪੋਥੀ 5:2)

- ਫੇਰ ਸਵਰਗ ਦੂਤਾਂ ਨੇ ਵੇਖਿਆ, ਪ੍ਰਭੂ ਯਿਸੂ ਆਪਣੇ ਸਿੰਘਾਸਣ ਤੋਂ ਖੜ੍ਹੇ ਹੋ ਗਏ ਅਤੇ ਆਖਿਆ : *"ਪਿਤਾ ਜੀ, ਮੈਂ ਉਨ੍ਹਾਂ ਨੂੰ ਤੁਹਾਡੇ ਲਈ ਛੁਡਾਵਾਂਗਾ।"*

    - **ਉਹ ਅਜਿਹਾ ਕਿਉਂ ਕਰੇਗਾ?**

ਪਰਮੇਸ਼ੁਰ ਨੇ ਜਗਤ ਨੂੰ ਬਹੁਤ ਪਿਆਰ ਕੀਤਾ ਅਤੇ ਆਦਮ ਅਤੇ ਹੱਵਾਹ **ਉਸ ਦੇ ਬੱਚੇ** ਸਨ, ਜੋ ਉਸ ਦੇ ਆਪਣੇ ਸਰੂਪ ਤੇ ਬਣਾਏ ਗਏ ਸਨ। **ਜਿਹ** ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ, **ਉਹੋ** ਉਹ ਨੂੰ ਪੂਰਿਆਂ ਕਰੇਗਾ। (ਫ਼ਿਲਿੱਪੀਆਂ 1:6)

ਅਤੇ ਇਹ ਉਹ ਤਰੀਕਾ ਦਾ ਜਿਸ ਦੇ ਦੁਆਰਾ ਉਸ ਨੇ ਇਹ ਕੰਮ ਕੀਤਾ:

ਫਿਲਪੀਆਂ 2:6-8 (ਪ੍ਰਭੂ ਯਿਸੂ ਮਸੀਹ ਦੇ ਬਾਰੇ ਬੋਲਦੇ ਹੋਏ) ਕਿ **ਉਸ ਨੇ** ਪਰਮੇਸ਼ਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ਰ ਦੇ **ਤੁੱਲ** ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ (ਆਪਣੇ ਕੋਲ ਰੱਖਣਾ ਜਾਂ ਘੁੱਟ ਕੇ ਫੜ੍ਹਨਾ)

ਉਸ ਦੀ ਈਸ਼ਵਰਤਾ ਦਾ ਸਪਸ਼ਟ ਬਿਆਨ। (ਵੇਖੋ : 2 ਕੁਰਿੰਥੀਆਂ 4:4; ਯੂਹੰਨਾ 5:18; 8:24,28,58; 10:30-33)

ਆਪਣਾ ਮਕਸਦ ਉਸ ਦੇ ਲਈ ਜ਼ਿਆਦਾ ਮਹੱਤਵਪੂਰਣ ਸੀ!

ਤੁਸੀਂ ਉਸ ਦੇ ਲਈ ਜ਼ਿਆਦਾ ਮਹੱਤਵਪੂਰਣ ਸੀ!

(7) ਸਗੋਂ ਉਸ ਨੇ ਆਪਣੇ ਆਪ ਨੂੰ **ਸੱਖਣਾ** ਕਰ ਕੇ **ਦਾਸ** ਦਾ ਰੂਪ ਧਾਰਿਆ ਅਤੇ **ਮਨੁੱਖਾਂ** ਦੀ ਸੂਰਤ ਵਿੱਚ ਜੰਮਿਆ

**ਉਸ ਨੇ ਆਪਣੇ ਆਪ ਨੂੰ ਖਾਲੀ ਕਰ ਦਿੱਤਾ,** ਸਮਰਪਣ ਕਰ ਦਿੱਤਾ ਜਾਂ ਝੁਕਾ ਦਿੱਤਾ:

- ਆਪਣਾ ਸਿੰਘਾਸਣ / ਆਪਣਾ ਤਾਜ? ਆਪਣਾ ਪਰਤਾਪ (ਯੂਹੰਨਾ 17:5) / ਆਪਣਾ ਅਹੁਦਾ / ਪਿਤਾ ਦੀ ਇਜਾਜ਼ਤ ਤੋਂ ਬਿਨ੍ਹਾਂ ਆਪਣੇ ਈਸ਼ਵਰੀ ਗੁਣਾਂ ਨੂੰ ਇਸਤੇਮਾਲ ਕਰਨ ਦਾ ਹੱਕ, ਅਜ਼ਾਦੀ ਨਾਲ ਆਪਣੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਦਾ ਹੱਕ, ਸਭ ਤਿਆਗ ਦਿੱਤਾ। ਯੂਹੰਨਾ 5:19, 30
- ਉਸ ਨੇ ਆਪਣੀ ਪਛਾਣ ਜਾਂ ਆਪਣੀ ਈਸ਼ਵਰਤਾ ਨੂੰ ਨਹੀਂ ਤਿਆਗਿਆ।
- ਉਸ ਨੇ ਆਪਣੇ ਆਪ ਨੂੰ ਆਪਣੇ ਪਿਤਾ ਦੇ ਅਧੀਨ ਕਰ ਦਿੱਤਾ ਅਤੇ ਉਸ ਦਾ **ਬੰਧੂਆ-ਦਾਸ** ਬਣ ਗਿਆ।
- ਅਤੇ **ਉਹ ਇੱਕ ਮਨੁੱਖ ਬਣ ਗਿਆ!**

ਸਵਰਗ ਦੇ ਸਿੰਘਾਸਣ ਦੀਆਂ ਉਚਿਆਈਆਂ ਤੋਂ ਉਹ ਥੱਲੇ, ਥੱਲੇ, ਹੋਰ ਥੱਲੇ ਆ ਗਿਆ

(8) ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ **ਆਪਣੇ ਆਪ ਨੂੰ ਨੀਵਿਆਂ ਕੀਤਾ** ਅਤੇ **ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ** ਆਗਿਆਕਾਰ ਬਣਿਆ।

> ਅਤੇ ਓਹ ਜਿਸ ਵਿੱਚ ਕੋਈ ਪਾਪ ਨਹੀਂ ਸੀ, ਪਰਮੇਸ਼ਰ ਦਾ ਪਵਿੱਤਰ ਪੱਤਰ, ਜਿਹੜਾ ਪਾਪ ਤੋਂ ਘਿਰਣਾ ਕਰਦਾ ਸੀ, ਸਾਡੀ ਖ਼ਾਤਰ ਪਾਪ ਠਹਿਰਾਇਆ ਗਿਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ਰ ਦਾ ਧਰਮ ਬਣੀਏ।
>
> 2 ਕੁਰਿੰਥੀਆਂਆਂ 5:21

## ਉਸ ਨੂੰ ਇਹ ਕਰਨ ਦੀ ਕੀ ਲੋੜ ਸੀ? ਕਿਉਂਕਿ :

ਜਿਵੇਂ ਕਿ ਜ਼ਿਆਦਾਤਰ ਸੰਸਾਰਕ ਮਾਤਾ-ਪਿਤਾ ਆਪਣੇ ਚੋਰੀ ਹੋਏ, ਗੁਆਚੇ ਹੋਏ, ਵਿਗੜੇ ਹੋਏ ਬੱਚਿਆਂ ਨੂੰ ਮੁੜ ਪ੍ਰਾਪਤ ਕਰਨ ਲਈ ਸਭ ਕੁਝ ਛੱਡ ਸਕਦੇ ਹਨ, ਉਸੇ ਤਰ੍ਹਾਂ ਹੀ ਸਾਡੇ ਸਵਰਗੀ ਪਿਤਾ ਨੇ ਆਪਣੇ ਪੁੱਤਰ ਨੂੰ ਤਿਆਗ ਦਿੱਤਾ ਤਾਂ ਜੋ ਆਪਣੇ ਪਰਿਵਾਰ ਨੂੰ ਪਰਾਪਤ ਕਰ ਲਵੇ ਅਰਥਾਤ, ਤੁਹਾਨੂੰ ਅਤੇ ਮੈਨੂੰ !

## ਤੁਸੀਂ ਉਸ ਦੇ ਲਈ ਐਨੇ ਕੀਮਤੀ, ਐਨੇ ਮੁੱਲਵਾਨ ਹੋ!

**ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ** ਜੋ ਆਪਣੀ ਜਾਨ ਆਪਣੇ ਮਿੱਤਰਾਂ (ਜਾਂ ਪਿਆਰਿਆਂ) ਦੇ ਬਦਲੇ ਦੇ ਦੇਵੇ।

ਯੂਹੰਨਾ 15:13

ਪਰੰਤੂ ਪਰਮੇਸ਼ਰ **ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ** ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ। ਰੋਮੀਆਂ 5:8

**ਉਹ ਪਰਮੇਸ਼ੁਰ ਦਾ ਲੇਲਾ ਹੈ:** **ਲੇਲਾ** ਜਿਹੜਾ ਕੋਹਿਆ ਗਿਆ ਸੀ ਸਮਰੱਥਾ, ਧਨ, ਬੁੱਧ, ਸ਼ਕਤੀ, ਮਾਣ, ਮਹਿਮਾ ਅਤੇ ਧੰਨਵਾਦ ਲੈਣ ਦੇ **ਜੋਗ** ਹੈ! (ਪਰਕਾਸ਼ ਦੀ ਪੋਥੀ 5:12) ਅਤੇ ਓਹ ਇਹ ਆਖਦਿਆਂ ਇੱਕ ਨਵਾਂ ਗੀਤ ਗਾਉਂਦੇ ਸਨ,-ਤੂੰ ਉਹ ਪੋਥੀ ਲੈਣ ਅਤੇ ਉਹ ਦੀਆਂ ਮੋਹਰਾਂ ਖੋਲ੍ਹਣ ਦੇ ਜੋਗ ਹੈਂ, ਕਿਉਂਕਿ ਤੂੰ ਕੋਹਿਆ ਗਿਆ ਸੈਂ, ਅਤੇ ਤੈਂ **ਆਪਣੇ ਲਹੂ ਨਾਲ** ਹਰੇਕ ਗੋਤ, ਭਾਖਿਆ, ਉੱਮਤ ਅਤੇ ਕੌਮ ਵਿੱਚੋਂ **ਪਰਮੇਸ਼ਰ ਦੇ ਲਈ ਲੋਕਾਂ ਨੂੰ ਮੁੱਲ ਲਿਆ**, (ਪਰਕਾਸ਼ ਦੀ ਪੋਥੀ 5:9) ਹਰੇਕ ਸਰਿਸ਼ਟ ਨੂੰ ਜੋ ਸੁਰਗ ਵਿੱਚ ਅਤੇ ਧਰਤੀ ਉੱਤੇ ਅਤੇ ਧਰਤੀ ਦੇ ਹੇਠ ਅਤੇ ਸਮੁੰਦਰ ਉੱਤੇ ਹੈ ਅਤੇ ਸੱਭੇ ਜੋ ਓਹਨਾਂ ਦੇ ਵਿੱਚ ਹਨ ਮੈਂ ਇਹ ਆਖਦੇ ਸੁਣਿਆ,- **ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ** ਹੈ, **ਉਹ ਦਾ** ਅਤੇ **ਲੇਲੇ** ਦਾ ਧੰਨਵਾਦ, ਮਾਣ, ਮਹਿਮਾ ਪ੍ਰਾਕਰਮ ਜੁੱਗੋ ਜੁੱਗ ਹੋਵੇ! ਪਰਕਾਸ਼ ਦੀ ਪੋਥੀ 5:13

ਉਹ ਇਕੱਲਾ ਅਤੇ ਇੱਕਮਾਤਰ ਮੁਕਤੀਦਾਤਾ ਹੈ:

> ਯੂਹੰਨਾ 14:6 ਯਿਸੂ ਨੇ ਉਹ ਨੂੰ ਆਖਿਆ, **ਰਾਹ** ਅਤੇ **ਸਚਿਆਈ** ਅਤੇ **ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ।**
>
> ਰਸੂਲਾਂ ਦੇ ਕਰਤੱਬ 4:12 **ਅਰ ਕਿਸੇ ਦੂਏ ਤੋਂ ਮੁਕਤੀ ਨਹੀਂ** ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ **ਕੋਈ ਦੂਜਾ ਨਾਮ ਨਹੀਂ** ਦਿੱਤਾ ਗਿਆ **ਜਿਸ ਤੋਂ ਅਸੀਂ ਬਚਾਏ ਜਾਣਾ ਹੈ।**

ਸਾਨੂੰ ਛੁਡਾਉਣ ਲਈ ਜੋ ਮੁੱਲ ਉਸ ਨੇ ਚੁਕਾਇਆ, ਉਹ ਦਰਸਾਉਂਦਾ ਹੈ ਕਿ ਉਸ ਦੇ ਬੱਚੇ ਉਸ ਲਈ ਕਿੰਨੇ **ਕੀਮਤੀ** ਹਨ ਅਤੇ **ਉਹ ਆਪਣੇ ਬੱਚਿਆਂ ਨੂੰ ਕਿੰਨਾ ਪਿਆਰ ਕਰਦਾ ਹੈ ਅਰਥਾਤ –ਤੁਹਾਨੂੰ !**

ਨਿਸਤਾਰਾ ਦੇਣਾ – ਲੋੜੀਂਦਾ ਮੁੱਲ ਚੁਕਾ ਕੇ ਮਾਲਕਾਨਾ ਹੱਕ ਦੁਬਾਰਾ ਪਰਾਪਤ ਕਰਨਾ

ਅਤੇ **ਹੁਣ**, ਤੁਹਾਨੂੰ ਛੁਡਾਉਣ ਲਈ ਇੰਨਾ ਵੱਡਾ ਮੁੱਲ ਚੁਕਾਏ ਜਾਣ ਤੋਂ ਬਾਅਦ, ਅਤੇ ਆਪਣੀ ਸੱਚੀ ਪਛਾਣ ਖੋਜਣ ਤੋਂ ਬਾਅਦ . . . . . **ਸਾਡਾ ਕੰਮ ਇਹ ਹੈ:**

1 ਪਤਰਸ 1:14-19 ਅਤੇ **ਆਗਿਆਕਾਰ ਬੱਚਿਆਂ ਵਾਂਙੁ ਆਪਣੀ ਅਗਿਆਨਤਾ ਦੇ ਪਹਿਲੇ ਸਮੇਂ ਦੀਆਂ ਕਾਮਨਾਂ ਦੇ ਸਰੂਪ ਜੇਹੇ** ਨਾ ਬਣੋ। (15) ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ (ਤੁਹਾਡਾ ਪਿਤਾ) ਪਵਿੱਤਰ ਹੈ ਤੁਸੀਂ ਆਪ ਭੀ ਤਿਵੇਂ ਹੀ ਆਪਣੀ **ਸਾਰੀ** ਚਾਲ ਵਿੱਚ ਪਵਿੱਤਰ ਬਣੋ। (16) ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ **ਤੁਸੀਂ** ਪਵਿੱਤਰ **ਬਣੋ** ਇਸ ਲਈ ਜੋ ਮੈਂ ਪਵਿੱਤਰ ਹਾਂ।

(17) ਜੇ ਤੁਸੀਂ **ਪਿਤਾ** ਕਰਕੇ ਉਹ ਦੀ ਦੁਹਾਈ ਦਿੰਦੇ ਹੋ . . . (18) ਕਿਉਂ ਜੋ ਤੁਸੀਂ **ਜਾਣਦੇ ਹੋ** ਭਈ ਤੁਸੀਂ **ਆਪਣੀ ਅਕਾਰਥ ਚਾਲ** (ਜਿਸ ਦਾ ਕੋਈ ਲਾਭਦਾਇਕ ਨਤੀਜਾ ਨਹੀਂ ਸੀ, ਫਲ-ਰਹਿਤ, ਵਿਅਰਥ, ਜਿਸ ਵਿੱਚ ਕੋਈ ਦਮ ਨਹੀਂ ਸੀ) ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ **ਚਲੀ ਆਈ** (ਸਾਡੀ ਸੰਸਾਰਕ ਪਛਾਣ) ਹੈ **ਨਿਸਤਾਰਾ** ਪਾਇਆ ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ।

(19) ਸਗੋਂ ਮਸੀਹ ਦੇ **ਅਮੋਲਕ ਲਹੂ** ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ। ਕਿਉਂ ਜੋ ਸਾਡੀ ਪਹਿਲੀ ਪਛਾਣ ਸਾਡੇ ਸਵਰਗੀ ਪਿਤਾ ਵੱਲੋਂ ਹੈ।

ਸਾਡੀਆਂ ਦੋ ਪਛਾਣਾਂ ਹਨ – ਦੋ ਵਿਰਾਸਤਾਂ !

1. ਵਿਅਰਥ ਤਰੀਕੇ ਦੀ ਜ਼ਿੰਦਗੀ – ਸਾਡੀ ਸੰਸਾਰਕ ਪਛਾਣ ਦੁਆਰਾ ਪਰਾਪਤ ਕੀਤੀ ਗਈ
   - ਅਤੇ –
2. ਬਰਕਤਾਂ ਨਾਲ ਭਰਪੂਰ ਇੱਕ ਸੁਭਾਵਕ ਅਲੌਕਿਕ ਜ਼ਿੰਦਗੀ – ਜੋ ਸਾਡੇ ਸਵਰਗੀ ਪਿਤਾ ਤੋਂ ਵਿਰਾਸਤ ਵਿੱਚ ਮਿਲਦੀ ਹੈ

ਤੁਸੀਂ ਕਿਹੜੀ ਜ਼ਿੰਦਗੀ ਚਾਹੁੰਦੇ ਹੋ? ਤੁਸੀਂ ਕਿਹੜੀ ਜ਼ਿੰਦਗੀ ਚੁਣੋਗੇ?

ਤੁਸੀਂ ਕਿਹੜੀ ਪਛਾਣ ਨਾਲ ਜੀਣਾ ਹੈ, ਇਹ ਤੁਹਾਡੇ ਉੱਤੇ ਨਿਰਭਰ ਕਰਦਾ ਹੈ!

ਪੌਲੁਸ ਨੇ ਇਹ ਇਸ ਤਰ੍ਹਾਂ ਕੀਤਾ। ਉਹ ਆਪਣੀ ਪਛਾਣ ਜਾਣਦਾ ਸੀ:

ਫ਼ਿਲਿੱਪੀਆਂ 3:12-15 ਇਹ ਨਹੀਂ ਜੋ ਮੈਨੂੰ ਅਜੇ ਲੱਭ ਪਿਆ ਅਥਵਾ ਮੈਂ ਅਜੇ ਸਿੱਧ ਹੋ ਗਿਆ ਪਰ **ਮੈਂ ਪਿੱਛੇ ਲੱਗਿਆ ਜਾਂਦਾ ਹਾਂ ਭਈ** ਮੈਂ ਕਿਵੇਂ ਉਸ ਗੱਲ ਨੂੰ ਹੱਥ ਪਾ ਲਵਾਂ ਜਿਹ ਦੇ ਲਈ ਮਸੀਹ ਯਿਸੂ ਨੇ ਮੈਨੂੰ ਭੀ ਹੱਥ ਪਾਇਆ ਸੀ। (13) ਹੇ ਭਰਾਵੋ, ਮੈਂ ਆਪਣੇ ਲਈ ਇਹ ਨਹੀਂ ਸਮਝਦਾ ਜੋ ਮੈਂ ਅਜੇ ਹੱਥ ਪਾ ਲਿਆ ਹੈ ਪਰ ਐਨਾ ਹੈ ਜੋ ਮੈਂ **ਪਿਛਲੀਆਂ ਗੱਲਾਂ ਨੂੰ ਭੁਲਾ ਕੇ** ਅਤੇ ਉਨ੍ਹਾਂ ਗੱਲਾਂ ਲਈ ਜਿਹੜੀਆਂ **ਅੱਗੇ ਹਨ** ਅਗਾਹਾਂ **ਵਧ** ਕੇ (14) ਨਿਸ਼ਾਨੇ ਵੱਲ **ਦੱਬੀ ਜਾਂਦਾ ਹਾਂ** ਭਈ ਉਸ ਉੱਪਰਲੇ ਸੱਦੇ ਦਾ ਇਨਾਮ ਲਵਾਂ ਜੋ ਪਰਮੇਸ਼ਰ ਦੀ ਵੱਲੋਂ ਮਸੀਹ ਯਿਸੂ ਵਿੱਚ ਹੈ।

- ਸਾਨੂੰ ਆਪਣੀ **ਪੁਰਾਣੀ** ਪਛਾਣ ਨੂੰ **ਭੁੱਲ ਜਾਣਾ** ਚਾਹੀਦਾ ਹੈ, ਅਰਥਾਤ ਉਸ "ਦਲਦਲ" ਨੂੰ ਜਿਸ ਵਿੱਚ ਅਸੀਂ ਰਹਿੰਦੇ ਸੀ। ਜ਼ਬੂਰ 40:2 ਉਸ ਨੇ ਮੈਨੂੰ ਭਿਆਣਕ ਟੋਏ ਵਿੱਚੋਂ ਸਗੋਂ ਚਿੱਕੜ ਦੀ ਖੁੱਭਣ ਵਿੱਚੋਂ ਕੱਢ ਲਿਆ, ਅਤੇ ਮੇਰੇ ਪੈਰਾਂ ਨੂੰ ਚਟਾਨ ਉੱਤੇ ਰੱਖ ਕੇ ਮੇਰੀਆਂ ਚਾਲਾਂ ਨੂੰ ਦ੍ਰਿੜ੍ਹ ਕੀਤਾ . . .

- ਸਾਨੂੰ **ਜ਼ਰੂਰ** ਹੀ ਆਪਣੀ ਪੁਰਾਣੀ ਪਛਾਣ ਲਾਹ ਕੇ ਸੁੱਟ ਦੇਣੀ ਚਾਹੀਦੀ ਹੈ ਅਤੇ ਨਵੀਂ ਪਛਾਣ ਨੂੰ ਪਹਿਨ ਲੈਣਾ ਚਾਹੀਦਾ ਹੈ

- ਇਹ ਹੀ ਉਹ ਜਗ੍ਹਾ ਹੈ ਜਿੱਥੇ **ਸਾਨੂੰ ਜ਼ਰੂਰ** ਹੀ ਆਪਣੀ ਸਲੀਬ ਚੁੱਕ ਕੇ ਯਿਸੂ ਦੇ ਪਿੱਛੇ ਚੱਲਣਾ ਚਾਹੀਦਾ ਹੈ

ਲੂਕਾ 9:23 ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ (ਆਪਣੇ ਪੁਰਾਣੇ ਰਾਹਾਂ, ਪੁਰਾਣੀ ਜ਼ਿੰਦਗੀ, ਪੁਰਾਣੀ ਪਛਾਣ ਨੂੰ "ਨਾਂਹ" ਆਖਣਾ) ਅਤੇ ਰੋਜ਼ ਆਪਣੀ ਸਲੀਬ ਚੁੱਕ ਕੇ (ਮੇਰੀ ਪੁਰਾਣੀ ਜ਼ਿੰਦਗੀ, ਮੇਰੀ ਪੁਰਾਣੀ ਪਛਾਣ ਮਰ ਚੁੱਕੀ ਹੈ) ਮੇਰੇ ਪਿੱਛੇ ਚੱਲੇ।

ਕਿਵੇਂ? ਗਲਾਤੀਆਂ 2:20 ਦੀ ਸਚਿਆਈ ਤੇ ਅਮਲ ਕਰਕੇ

**ਮੈਂ ਮਸੀਹ ਦੇ ਲਈ ਸਲੀਬ ਦਿੱਤਾ ਗਿਆ ਹਾਂ** ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ **ਮਸੀਹ ਮੇਰੇ ਵਿੱਚ ਜੀਉਂਦਾ ਹੈ** ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ਰ ਦੇ ਪੁੱਤਰ ਉੱਤੇ **ਨਿਹਚਾ ਨਾਲ** ਭੋਗਦਾ ਹਾਂ ਜਿਹ ਨੇ ਮੇਰੇ ਨਾਲ **ਪ੍ਰੇਮ ਕੀਤਾ** ਅਤੇ **ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।**

..........................................................................................................................

["*ਮੈਂ ਮਸੀਹ ਦੇ ਲਈ ਸਲੀਬ ਦਿੱਤਾ ਗਿਆ ਹਾਂ*" – ਇੱਥੇ ਕਿਰਿਆ **ਨਿਸ਼ਚਿਤ** ਕਾਲ ਵਿੱਚ ਹੈ – ਅਰਥਾਤ ਉਹ ਕੰਮ ਜਿਹੜਾ ਅਤੀਤ ਵਿੱਚ ਹੋ ਚੁੱਕਿਆ ਹੈ (ਜਦ ਪ੍ਰਭੂ ਯਿਸੂ ਸਲੀਬ ਉੱਤੇ ਚੜ੍ਹਾਇਆ ਗਿਆ) ਜਿਸ ਦਾ ਨਤੀਜਾ ਲਗਾਤਾਰ ਚੱਲਦਾ ਰਹਿੰਦਾ ਹੈ। **ਬਾਹਰੀ ਕਿਰਿਆ –** ਮੈਂ ਇਸ ਕੰਮ ਨੂੰ ਨਹੀਂ ਕੀਤਾ, ਸਿਰਫ਼ ਇਸ ਨੂੰ ਪ੍ਰਾਪਤ ਕੀਤਾ। **ਸੰਕੇਤਕ -** ਕਿਰਿਆ ਅਤੇ ਸਥਿਤੀ ਨਿਸ਼ਚਿਤ ਹੈ ਅਤੇ ਸਭ ਪੂਰਾ ਕਰ ਦਿੱਤਾ ਗਿਆ ਹੈ]

..........................................................................................................................

ਰੋਮੀਆਂ 6:4 ਵਿੱਚ ਵੀ ਇਸ ਨੂੰ ਸਪਸ਼ਟ ਕੀਤਾ ਗਿਆ ਹੈ
ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ **ਉਹ ਦੇ ਨਾਲ ਦੱਬੇ ਗਏ** (ਰੱਖੇ ਗਏ) ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ **ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ** ਤਿਵੇਂ **ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ।**

- "ਵੀ ਚੱਲੀਏ" – ਇਸ ਦੀ ਕੋਈ ਗਾਰੰਟੀ ਨਹੀਂ ਹੈ। ਇਹ **ਸਾਡੇ** ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਇਸ ਨੂੰ ਆਪਣੇ ਜੀਵਨ ਵਿੱਚ ਵਾਸਤਵਿਕ ਬਣਾਈਏ . . ਇਹ ਦੇ ਵਿੱਚ ਤੁਰੀਏ . . ਨਵੇਂ ਜੀਵਨ ਵਿੱਚ ਤੁਰਨ ਲਈ

ਕਿਵੇਂ? ਸੱਚ ਉੱਤੇ ਵਿਸ਼ਵਾਸ ਕਰਕੇ – **ਮੇਰਾ ਪੁਰਾਣਾ** ਮਨੁੱਖ - ਮੈਂ ਕੌਣ ਸੀ – ਮੈਂ ਯਿਸੂ ਦੇ ਨਾਲ ਸਲੀਬ ਤੇ ਚੜ੍ਹਾਇਆ ਗਿਆ, ਮਰ ਗਿਆ ਅਤੇ ਦਫ਼ਨਾਇਆ ਗਿਆ। ਅਤੇ **ਮੇਰਾ ਨਵਾਂ** ਮਨੁੱਖ .... ਮੁਰਦਿਆਂ ਵਿੱਚੋਂ ਜੀਉਂਦਾ ਕੀਤਾ ਗਿਆ ਹੈ ਅਤੇ ਨਵੀਂ ਜ਼ਿੰਦਗੀ ਵਿੱਚ ਤੁਰ-ਫਿਰ **ਸਕਦਾ** ਹੈ

**ਸਕਦਾ ਹੈ** – ਇਸ ਦਾ ਅਰਥ ਇਹ ਹੈ ਕਿ ਇਸ ਸਚਿਆਈ ਨੂੰ ਆਪਣੇ ਜੀਵਨ ਵਿੱਚ ਕਿਰਿਆਸ਼ੀਲ ਕਰਨਾ **ਤੁਹਾਡੇ** ਉੱਤੇ ਨਿਰਭਰ ਹੈ।

ਤੁਹਾਨੂੰ ਉਸ ਦਲਦਲ ਵਿੱਚੋਂ ਕੱਢ ਲਿਆ ਗਿਆ ਹੈ ਜਿਸ ਵਿੱਚ ਤੁਸੀਂ ਰਹਿੰਦੇ ਸੀ

ਨਵਾਂ ਜਨਮ // ਜਿਉਂਦੇ ਕੀਤੇ ਗਏ // ਬਾਹਰ ਕੱਢੇ ਗਏ। ਜਿਵੇਂ ਉਸ ਨੇ ਲਾਜ਼ਰ ਨੂੰ ਨਾਮ ਲੈ ਕੇ ਬੁਲਾਇਆ, ਉਸੇ ਤਰ੍ਹਾਂ **ਉਸ ਨੇ ਤੁਹਾਨੂੰ ਬੁਲਾਇਆ ਹੈ** ਅਤੇ ਤੁਹਾਨੂੰ ਨਵੇਂ ਜੀਵਨ ਲਈ ਜਿਉਂਦਿਆਂ ਕੀਤਾ – ਇੱਕ ਨਵੀਂ ਪਛਾਣ ਲਈ।

ਤੁਸੀਂ ਇੱਕ ਨਵੇਂ ਵਿਅਕਤੀ **ਹੋ** ਅਤੇ **ਬਣ ਸਕਦੇ** ਹੋ! ਇੱਕ ਨਵੀਂ ਪਛਾਣ!

ਅਤੇ **ਇਸ ਜੁੱਗ** ਦੇ **ਰੂਪ** ਜੇਹੇ **ਨਾ ਬਣੋ** ਸਗੋਂ ਆਪਣੀ **ਬੁੱਧ ਦੇ ਨਵੇਂ ਹੋਣ** ਕਰਕੇ ਹੋਰ ਸਰੂਪ ਵਿੱਚ **ਬਦਲਦੇ ਜਾਓ** (ਰੋਮੀਆਂ 12:2) ਸਚਿਆਈ ਉੱਤੇ ਵਿਸ਼ਵਾਸ ਕਰਨਾ ਅਤੇ ਇਸ ਨੂੰ ਗ੍ਰਹਿਣ ਕਰਨਾ।

ਕਹਾਉਤਾਂ 23:7 ਕਿਉਂ ਜੋ ਜਿਹੇ ਉਹ ਦੇ ਮਨ ਦੇ ਵਿਚਾਰ ਹਨ, ਤੇਹਾ ਉਹ ਆਪ ਹੈ।

ਸਾਡੇ ਵਿਚਾਰਾਂ ਨੂੰ ਵੱਸ ਕਰਨ ਲਈ ਇੱਕ ਯੁੱਧ ਚਲਦਾ ਰਹਿੰਦਾ ਹੈ, ਉਸ ਨੂੰ ਵੱਸ ਕਰਨ ਲਈ ਜੋ ਅਸੀਂ ਆਪਣੇ ਬਾਰੇ ਮੰਨ ਲਿਆ ਹੈ:

2 ਕੁਰਿੰਥੀਆਂਆਂ 10:4-5 ਇਸ ਲਈ ਜੋ ਸਾਡੇ ਜੁੱਧ ਦੇ ਸ਼ਸਤਰ ਸਰੀਰਕ ਨਹੀਂ ਸਗੋਂ ਪਰਮੇਸ਼ਰ ਦੇ ਭਾਣੇ **ਕਿਲ੍ਹਿਆਂ** ਦੇ ਢਾਹ ਦੇਣ ਲਈ ਡਾਢੇ ਤਕੜੇ ਹਨ (ਜੋ ਮੈਂ ਸੋਚਦਾ ਹਾਂ, ਉਹੋ ਮੈਂ ਹਾਂ)। ਸੋ ਅਸੀਂ **ਵਹਿਮਾਂ** ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ਰ ਦੇ ਗਿਆਨ (ਕਿ ਤੁਸੀਂ ਕੌਣ ਹੋ) ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ ਹਰ **ਇੱਕ ਖਿਆਲ ਨੂੰ ਬੰਧਨ ਵਿੱਚ** ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।

ਸਾਨੂੰ ਆਪਣੇ ਕੰਪਿਊਟਰ ਨੂੰ ਦੁਬਾਰਾ ਸੈਟ ਕਰਨ ਦੀ ਲੋੜ ਹੈ ਅਰਥਾਤ – ਆਪਣੇ ਦਿਮਾਗ ਨੂੰ

ਆਪਣੀ ਪਛਾਣ ਨੂੰ ਜਾਣਨਾ ਸਾਨੂੰ ਬਦਲਦਾ ਹੈ!

ਅਫ਼ਸੀਆਂ 4:17-5:21 ਦੇ ਵਚਨ ਸਾਨੂੰ ਦੱਸਦੇ ਹਨ:
(17) ਤੁਸੀਂ **ਅਗਾਹਾਂ ਨੂੰ ਅਜਿਹੀ ਚਾਲ ਨਾ ਚੱਲੋ** ਜਿਵੇਂ **ਪਰਾਈਆਂ ਕੌਮਾਂ** (ਤੁਸੀਂ ਉਨ੍ਹਾਂ ਵਿੱਚੋਂ ਨਹੀਂ ਹੋ) ਵੀ ਆਪਣੀ ਬੁੱਧ ਦੇ **ਵਿਰਥਾਪੁਣੇ** ਨਾਲ **ਚੱਲਦੀਆਂ ਹਨ।** (18) ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ ਹੋਈ ਹੈ ਅਤੇ ਉਸ ਅਗਿਆਨ ਦੇ ਕਾਰਨ ਜੋ ਉਨ੍ਹਾਂ ਵਿੱਚ ਹੈ . . . (22) ਭਈ ਤੁਸੀਂ **ਅਗਲੇ** ਚਲਣ (ਵਿਅਰਥ) ਦੀ ਉਸ **ਪੁਰਾਣੀ ਇਨਸਾਨੀਅਤ** (ਪੁਰਾਣੀ ਪਛਾਣ) ਨੂੰ **ਲਾਹ ਸੁੱਟੋ** ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ। (23) ਅਤੇ ਆਪਣੇ ਮਨ ਦੇ ਸੁਭਾਉ ਵਿੱਚ ਨਵੇਂ ਬਣੋ (ਜੋ ਤੁਸੀਂ ਸੱਚਮੁੱਚ ਹੋ – ਤੁਹਾਡੀ ਅਸਲ ਪਛਾਣ) (24) ਅਤੇ **ਨਵੀਂ ਇਨਸਾਨੀਅਤ ਨੂੰ ਪਹਿਨ ਲਓ** ( ਤੁਹਾਡੀ ਨਵੀਂ ਪਛਾਣ) ਜਿਹੜੀ **ਪਰਮੇਸ਼ਰ ਦੇ ਅਨੁਸਾਰ ਸਚਿਆਈ ਦੇ ਧਰਮ** (ਉਹੋ ਕਰਨਾ ਜੋ ਸਹੀ ਅਤੇ ਉਚਿਤ ਹੈ) ਅਤੇ **ਪਵਿੱਤਰਤਾਈ** (ਪਾਪ ਤੋਂ ਅਲੱਗ) ਵਿੱਚ ਉਤਪਤ ਹੋਈ।

- **ਸਾਡੀ ਸੱਚੀ ਪਛਾਣ ਇਹ ਹੈ** – ਧਾਰਮਿਕਤਾ ਅਤੇ ਪਵਿੱਤਰਤਾ

(5:1) ਸੋ ਤੁਸੀਂ **ਪਿਆਰਿਆਂ ਪੁੱਤ੍ਰਾਂ ਵਾਂਙੁ** (ਕਿਵੇਂ? ਉਸ ਵੱਲ ਵੇਖ ਕੇ, ਉਸ ਦੀ ਸੁਣ ਕੇ, ਉਸ ਦੇ ਪਿੱਛੇ ਚੱਲ ਕੇ, ਉਸ ਤੋਂ ਉਸੇ ਤਰ੍ਹਾਂ ਸਿੱਖ ਕੇ ਜਿਵੇਂ ਆਦਮ ਬਗੀਚੇ ਵਿੱਚ ਸਿੱਖਦਾ ਸੀ) ਪਰਮੇਸ਼ਰ ਦੀ ਰੀਸ ਕਰੋ (ਸੰਸਾਰ ਦੀ ਰੀਸ ਨਹੀਂ)
(5:2) ਅਤੇ **ਪ੍ਰੇਮ ਨਾਲ ਚੱਲੋ** (ਕਿਵੇਂ?) **ਜਿਵੇਂ ਮਸੀਹ ਨੇ ਵੀ ਤੁਹਾਡੇ ਨਾਲ ਪ੍ਰੇਮ ਕੀਤਾ** ਅਤੇ ਸਾਡੇ ਲਈ **ਆਪਣੇ ਆਪ ਨੂੰ** ਪਰਮੇਸ਼ਰ ਦੇ ਅੱਗੇ **ਭੇਟ** ਅਤੇ **ਬਲੀਦਾਨ** ਕਰ ਕੇ ਧੂਪ ਦੀ ਸੁਗੰਧ ਲਈ **ਦੇ ਦਿੱਤਾ।**

  - ਜਿਵੇਂ ਅਸੀਂ ਫ਼ਿਲਿੱਪੀਆਂ 2:6-8 ਵਿੱਚ ਪੜ੍ਹਦੇ ਹਾਂ
- ਸਾਨੂੰ ਜੋ ਕਰਨਾ ਚਾਹੀਦਾ ਹੈ ਉਸ ਦਾ ਕਿਰਿਆਸ਼ੀਲ ਰੂਪ ਵੇਖਣ ਲਈ ਪੜ੍ਹੋ ਰੋਮੀਆਂ 12:9-21

ਸਾਨੂੰ ਇਸ ਸੱਚਾਈ ਉੱਤੇ ਵਿਸ਼ਵਾਸ ਕਰਨਾ ਜ਼ਰੂਰੀ ਹੈ ਕਿ ਅਸੀਂ ਕੌਣ ਹਾਂ

\- ਅਤੇ –

ਸਾਨੂੰ ਆਪਣੀ ਅਸਲੀ ਪਛਾਣ ਦੇ ਪ੍ਰਤੀ ਸੱਚੇ ਹੋਣਾ ਚਾਹੀਦਾ ਹੈ

ਸਾਡੀ ਪਛਾਣ ਜਵਾਬਦੇਹੀ ਨੂੰ ਪੈਦਾ ਕਰਦੀ ਹੈ, ਸਾਡੇ ਪਿਤਾ ਅਤੇ ਸਾਡੇ ਪਰਿਵਾਰ ਦੇ ਪ੍ਰਤੀ

ਗਲਾਤੀਆਂ 5 (19) ਹੁਣ ਸਰੀਰ ਦੇ ਕੰਮ (ਸੁਭਾਅ, ਇਸ ਸੰਸਾਰ ਦੀਆਂ ਰੀਤੀਆਂ ਅਤੇ ਤੁਹਾਡਾ ਪੁਰਾਣਾ ਮਨੁੱਖ) ਤਾਂ ਪਰਗਟ ਹਨ। ਉਹ ਏਹ ਹਨ-ਹਰਾਮਕਾਰੀ, ਗੰਦ ਮੰਦ, ਲੁੱਚਪੁਣਾ, (20) ਮੂਰਤੀ ਪੂਜਾ, ਜਾਦੂਗਰੀ, ਵੈਰ, ਝਗੜੇ, ਹਸਦ, ਕ੍ਰੋਧ, ਧੜੇਬਾਜੀਆਂ, ਫੁੱਟਾਂ, ਬਿਦਤਾਂ, (21) ਖਾਰ, ਨਸ਼ੇ, ਬਦਮਸਤੀਆਂ, ਅਤੇ ਹੋਰ ਇਹੋ ਜਿਹੇ ਕੰਮ। ਏਹਨਾਂ ਗੱਲਾਂ ਦੇ ਵਿਖੇ ਮੈਂ ਤੁਹਾਨੂੰ ਸਾਫ਼ ਆਖਦਾ ਹਾਂ ਜਿਵੇਂ **ਮੈਂ ਅੱਗੇ ਆਖਿਆ ਸੀ** ਭਈ ਜਿਹੜੇ ਇਹੋ ਜਿਹੇ ਕੰਮ **ਕਰਦੇ** (ਵਾਰ-ਵਾਰ ਦੁਹਰਾਉਂਦੇ ਰਹਿੰਦੇ ਜਾਂ ਆਦਤ ਬਣਾ ਲੈਂਦੇ) ਹਨ ਉਹ ਪਰਮੇਸ਼ਰ ਦੇ ਰਾਜ ਦੇ **ਅਧਕਾਰੀ** ਨਹੀਂ ਹੋਣਗੇ।

ਇੱਕ ਰਾਜਕੁਮਾਰ ਜਾਂ ਰਾਜਕੁਮਾਰੀ ਦੇ ਰੂਪ ਵਿੱਚ ਜੋ ਤੁਸੀਂ ਹੋ, ਅੱਜ ਆਪਣੀ ਵਿਰਾਸਤ ਦਾ ਅਨੰਦ ਮਾਣਨ ਲਈ ਜ਼ਰੂਰੀ ਹੈ ਕਿ . . . ਤੁਸੀਂ ਰਾਜ ਦੇ ਅੰਦਰ ਰਹੋ।

ਜੇਕਰ ਨਹੀਂ, ਤਾਂ ਤੁਸੀਂ ਇਸ ਸੰਸਾਰ ਦੇ ਰਾਜ ਵਿੱਚ ਆਪਣੀ ਪੁਰਾਣੀ ਪਛਾਣ ਨਾਲ ਜੀਣ ਦਾ ਫੈਸਲਾ ਕੀਤਾ ਹੈ। ਅਤੇ ਇਸ ਤਰ੍ਹਾਂ ਕਰਕੇ ਤੁਸੀਂ **"ਦੁਸ਼ਟ" ਨੂੰ ਤੁਹਾਡੇ ਉੱਤੇ ਹਮਲਾ ਕਰਨ ਦਾ ਮੌਕਾ ਦੇ ਰਹੇ ਹੋ।**

ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ **ਸੱਚੀ ਪਛਾਣ** ਦਾ ਅਭਿਆਸ ਕਰੀਏ – ਇਸ ਤੇ ਮਿਹਨਤ ਕਰੀਏ – ਵਾਰ-ਵਾਰ ਦੁਹਰਾ ਕੇ ਜਾਂ ਆਦਤ ਬਣਾ ਕੇ ਇਸ ਨੂੰ ਕਰੀਏ - ਤਾਂ ਜੋ ਅੱਜ ਆਪਣੀ ਸੱਚੀ ਪਛਾਣ, ਆਪਣੀ ਸੱਚੀ ਵਿਰਾਸਤ ਦਾ ਅਨੰਦ ਲੈ ਸਕੀਏ . . . *"ਧਰਤੀ ਉੱਤੇ ਜਿਵੇਂ ਸਵਰਗ ਵਿੱਚ"*

(22) ਪਰ ਆਤਮਾ ਦਾ ਫਲ (ਸੁਭਾਅ, ਸਾਡੀ ਸੱਚੀ ਪਛਾਣ ਦਾ ਚਰਿੱਤਰ) ਇਹ ਹੈ-ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, (23) ਨਰਮਾਈ, ਸੰਜਮ। ਇਹੋ ਜੇਹੀਆਂ ਗੱਲਾਂ ਦੇ ਵਿਰੁੱਧ ਕੋਈ ਸ਼ਰਾ ਨਹੀਂ ਹੈ।

- ਸਾਨੂੰ ਇਸੇ ਦਾ ਅਭਿਆਸ ਕਰਨਾ ਚਾਹੀਦਾ ਹੈ
- ਇਸੇ ਦੇ ਲਈ ਸਾਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ, ਸਾਡੇ ਕੰਮ / ਸਾਡੀਆਂ ਪ੍ਰਤੀਕਿਰਿਆਵਾਂ / ਸਾਡੇ ਪ੍ਰਤੀਉੱਤਰ / ਅਤੇ ਸਾਡੇ ਵਿਚਾਰ ਬਦਲਣ ਲਈ

1 ਯੂਹੰਨਾ 3:7 ਹੇ ਬੱਚਿਓ, ਕੋਈ ਤੁਹਾਨੂੰ ਨਾ ਭਰਮਾਵੇ। ਜਿਹੜਾ **ਧਰਮ ਕਰਦਾ ਹੈ ਸੋ ਧਰਮੀ ਹੈ ਜਿਵੇਂ ਉਹ ਧਰਮੀ ਹੈ।** (ਵੇਖੋ ਰੋਮੀਆਂ 3:22; 2 ਕੁਰਿੰਥੀਆਂਆਂ 5:21)

ਰੋਮੀਆਂ 12:2 ਦੱਸਦੀ ਹੈ:

ਅਤੇ **ਇਸ ਜੁੱਗ ਦੇ ਰੂਪ ਜੇਹੇ ਨਾ ਬਣੋ** (ਅਸੀਂ ਇਸ ਸੰਸਾਰ ਦੇ ਨਹੀਂ ਹਾਂ) ਸਗੋਂ **ਆਪਣੀ ਬੁੱਧ ਦੇ ਨਵੇਂ ਹੋਣ ਕਰਕੇ** (ਜੋ ਕਿ ਤੁਹਾਡੀ ਸੱਚੀ ਪਛਾਣ ਹੈ) ਹੋਰ ਸਰੂਪ ਵਿੱਚ ਬਦਲਦੇ ਜਾਓ (ਉਸ ਵਿੱਚ ਜੋ ਤੁਸੀਂ ਅਸਲ ਵਿੱਚ ਹੋ) ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।

ਸੋ ਮਸੀਹ ਵਿੱਚ ਤੁਸੀਂ ਨਵੀਂ ਸਰਿਸ਼ਟ ਹੋ। ਪੁਰਾਣੀਆਂ ਗੱਲਾਂ, ਜਿਸ ਵਿੱਚ ਤੁਹਾਡੀ **ਪੁਰਾਣੀ ਪਛਾਣ** ਵੀ ਸ਼ਾਮਲ ਹੈ, ਬੀਤ ਗਈਆਂ; ਵੇਖੋ, ਤੁਹਾਡੀ ਨਵੀਂ ਪਛਾਣ ਸਮੇਤ ਸਭ ਕੁਝ ਨਵਾਂ ਹੋ ਗਿਆ। (2ਕੁਰਿੰਥੀਆਂ 5:17)

ਕੁਲੁੱਸੀਆਂ 1:12-13 ਅਤੇ **ਪਿਤਾ** ਦਾ ਧੰਨਵਾਦ ਕਰਦੇ ਰਹੋ ਜਿਨ **ਸਾਨੂੰ** ਇਸ **ਜੋਗ** ਬਣਾਇਆ ਭਈ ਚਾਨਣ ਵਿੱਚ (ਹਨੇਰੇ ਵਿੱਚ ਨਹੀਂ) ਸੰਤਾਂ ਦੇ **ਵਿਰਸੇ ਦੇ ਪੱਤੀਦਾਰ** ਹੋਈਏ। 13 ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ **ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪੁਚਾ ਦਿੱਤਾ।**

- **ਰਾਜ ਦੇ ਇੱਕ ਨਾਗਰਿਕ ਦੀ ਤਰ੍ਹਾਂ ਉੱਥੇ ਰਹੋ।**

ਅਸੀਂ ਇਸ ਦੇ ਯੋਗ ਬਣਦੇ ਹਾਂ (1) **ਜਨਮ ਸਿੱਧ ਅਧਿਕਾਰ** ਕਰਕੇ ਅਤੇ (2) ਲੇਲੇ ਦੇ ਲਹੂ ਨਾਲ **ਛੁਟਕਾਰਾ** ਪਾਉਣ ਕਰਕੇ ਅਰਥਾਤ ਯਿਸੂ ਮਸੀਹ ਦੇ ਲਹੂ ਦੁਆਰਾ, ਜਿਸ ਨੇ ਸਾਨੂੰ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਸਾਡੇ ਲਈ ਦੇ ਦਿੱਤਾ।

## ਉਹ ਬਣੋ ਜੋ ਤੁਸੀਂ ਹੋ!

1 ਯੂਹੰਨਾ 2:28 – 3:3

ਅਤੇ **ਹੁਣ ਹੇ ਬੱਚਿਓ,** ਤੁਸੀਂ ਉਹ ਦੇ ਵਿੱਚ ਕਾਇਮ ਰਹੋ (ਰਾਜ ਵਿੱਚ) ਭਈ ਜਦ ਉਹ ਪਰਗਟ ਹੋਵੇ ਤਾਂ ਸਾਨੂੰ ਦਿਲੇਰੀ ਹੋਵੇ ਅਤੇ ਉਹ ਦੇ ਆਉਣ ਦੇ ਵੇਲੇ ਅਸੀਂ ਉਹ ਦੇ ਅੱਗੇ ਲੱਜਿਆਵਾਨ ਨਾ ਹੋਈਏ। ਜਦੋਂ ਤੁਸੀਂ ਜਾਣਦੇ ਹੋ ਜੋ ਉਹ ਧਰਮੀ ਹੈ ਤਾਂ ਤੁਹਾਨੂੰ ਪਤਾ ਹੈ, ਭਈ **ਹਰੇਕ** ਭੀ **ਜਿਹੜਾ ਧਰਮ ਕਰਦਾ ਹੈ ਸੋ ਓਸੇ ਤੋਂ ਜੰਮਿਆ ਹੋਇਆ ਹੈ।**

ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ **ਪਰਮੇਸ਼ਰ ਦੇ ਬਾਲਕ** ਸਦਾਈਏ! ਅਤੇ **ਏਹੋ ਅਸੀਂ ਹਾਂ** ਵੀ। ਇਸ ਕਰਕੇ ਸੰਸਾਰ ਸਾਨੂੰ ਨਹੀਂ ਜਾਣਦਾ ਕਿਉਂ ਜੋ ਉਸ ਨੇ ਉਹ ਨੂੰ ਨਹੀਂ ਜਾਣਿਆ। ਹੇ ਪਿਆਰਿਓ, ਅਸੀਂ **ਹੁਣ ਪਰਮੇਸ਼ਰ ਦੇ ਬਾਲਕ ਹਾਂ** ਅਤੇ ਅਜੇ ਇਹ ਪਰਗਟ ਨਹੀਂ ਹੋਇਆ ਭਈ ਅਸੀਂ ਕੀ ਕੁਝ ਹੋਵਾਂਗੇ! ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪਰਗਟ ਹੋਵੇਗਾ ਤਾਂ **ਅਸੀਂ ਉਹ ਦੇ ਵਰਗੇ ਹੋਵਾਂਗੇ** ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ। ਅਤੇ ਹਰ ਕੋਈ ਜਿਹੜਾ ਓਸ ਉੱਤੇ **ਇਹ ਆਸ** (ਉਹ ਦੇ ਵਰਗੇ ਬਣਨਾ) ਰੱਖਦਾ ਹੈ **ਆਪਣੇ ਆਪ ਨੂੰ ਪਵਿੱਤਰ ਕਰਦਾ** ਹੈ ਜਿਵੇਂ ਉਹ ਪਵਿੱਤਰ ਹੈ।

ਉਸ ਨੇ ਤੁਹਾਨੂੰ ਚੁਣ ਲਿਆ - ਜਗਤ ਦੀ ਨੀਂਹ ਧਰਨ ਤੋਂ ਪਹਿਲਾਂ

ਅਫ਼ਸੀਆਂ 1:4 ਜਿਵੇਂ ਉਹ ਨੇ **ਸਾਨੂੰ** ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ **ਚੁਣ ਲਿਆ।**

ਅਤੇ ਉਸ ਸਮੇਂ:

ਉਸ ਨੇ ਅਰੰਭ ਤੋਂ ਹੀ ਤੁਹਾਡੇ ਨਾਮ ਜੀਵਨ ਦੀ ਪੋਥੀ ਵਿੱਚ ਲਿਖ ਦਿੱਤੇ

ਪਰਕਾਸ਼ ਦੀ ਪੋਥੀ 13:8 ਅਤੇ 17:8 **ਨਾਉਂ. . .** ਓਸ ਲੇਲੇ ਦੀ ਜਿਹੜਾ ਕੋਹਿਆ ਗਿਆ ਸੀ **ਜੀਵਨ ਦੀ ਪੋਥੀ** ਵਿੱਚ ਜਗਤ ਦੇ ਮੁੱਢੋਂ ਹੀ ਨਹੀਂ **ਲਿਖਿਆ** ਗਿਆ।

ਤੁਹਾਡੀ ਪਹਿਲੀ ਨਾਗਰਿਕਤਾ ਸਵਰਗ ਦੀ ਹੈ। ਤੁਸੀਂ ਇਸ ਸੰਸਾਰ ਦੇ ਨਹੀਂ ਹੋ।

ਫ਼ਿਲਿੱਪੀਆਂ 3:20 ਕਿਉਂ ਜੋ ਅਸੀਂ ਸੁਰਗ ਦੀ ਪਰਜਾ ਹਾਂ

ਇਬਰਾਨੀਆਂਆਂ 11:13 ਅਸੀਂ: ਧਰਤੀ ਉੱਤੇ ਓਪਰੇ ਅਤੇ ਪਰਦੇਸੀ ਹਾਂ।

ਜਗਤ ਦੀ ਨੀਂਹ ਧਰਨ ਤੋਂ ਪਹਿਲਾਂ, ਤੁਹਾਡੇ ਪੈਦਾ ਹੋਣ ਤੋਂ ਪਹਿਲਾਂ, ਤੁਹਾਨੂੰ ਚੁਣ ਲਿਆ ਗਿਆ – ਨਾਮ ਦਿੱਤੇ ਗਏ ਅਤੇ ਸਵਰਗ ਦੇ ਨਾਗਰਿਕ ਦੇ ਰੂਪ ਵਿੱਚ ਦਰਜ ਕੀਤੇ ਗਏ।

ਤੁਸੀਂ ਉਸ ਦੀ ਯੋਜਨਾ ਸੀ।          ਤੁਸੀਂ ਉਸ ਦੀ ਸੰਤਾਨ ਹੋ!

ਉਹ ਬਣੋ ਜੋ ਤੁਸੀਂ ਹੋ!

**ਉਸ ਦੇ ਚੇਲੇ:**

ਯੂਹੰਨਾ 13:35 ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ **ਮੇਰੇ ਚੇਲੇ** ਹੋ।

**ਉਸ ਦੇ ਸੇਵਕ ਅਤੇ ਮੁਖਤਿਆਰ:**

1 ਕੁਰਿੰਥੀਆਂ 4:1-2 ਆਦਮੀ ਸਾਨੂੰ ਇਉਂ ਜਾਣੇ ਜਿਉਂ ਮਸੀਹ ਦੇ **ਸੇਵਕ** ਅਤੇ ਪਰਮੇਸ਼ਰ ਦੇ ਭੇਤਾਂ ਦੇ **ਮੁਖਤਿਆਰ**। (2) ਫੇਰ ਇੱਥੇ ਮੁਖਤਿਆਰਾਂ ਵਿੱਚ ਇਹ ਚਾਹੀਦਾ ਹੈ ਜੋ ਓਹ ਮਾਤਬਰ ਹੋਣ।

ਯੂਹੰਨਾ 13:14 ਸੋ ਜੇ ਮੈਂ ਗੁਰੂ ਅਤੇ ਪ੍ਰਭੂ ਹੋ ਕੇ ਤੁਹਾਡੇ ਪੈਰ ਧੋਤੇ ਤਾਂ ਚਾਹੀਦਾ ਹੈ ਜੋ ਤੁਸੀਂ ਭੀ ਇੱਕ ਦੂਏ ਦੇ ਪੈਰ ਧੋਵੋ।

ਲੂਕਾ 12:42 ਪ੍ਰਭੁ ਨੇ ਅੱਗੋਂ ਆਖਿਆ, ਉਹ ਮਾਤਬਰ ਅਤੇ ਬੁੱਧਵਾਨ **ਮੁਖ਼ਤਿਆਰ** ਕੌਣ ਹੈ ਜਿਹ ਨੂੰ ਮਾਲਕ ਆਪਣੇ ਨੌਕਰਾਂ ਚਾਕਰਾਂ ਉੱਤੇ ਠਹਿਰਾਵੇ ਭਈ ਵੇਲੇ ਸਿਰ ਉਨ੍ਹਾਂ ਨੂੰ ਰਸਤ ਦੇਵੇ?

**ਉਸ ਦੇ ਸੇਵਕ**

2 ਕੁਰਿੰਥੀਆਂਆਂ 5:18-19 ਪਰ ਸਾਰੀਆਂ ਗੱਲਾਂ ਪਰਮੇਸ਼ਰ ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ **ਸੇਵਕਾਈ ਸਾਨੂੰ ਦਿੱਤੀ।** (19) ਅਰਥਾਤ ਪਰਮੇਸ਼ਰ ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ **ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ।**

ਜ਼ਿੰਮੇਵਾਰੀ: ਲੂਕਾ 10:16 ਜੋ ਕੋਈ ਤੁਹਾਡੀ ਸੁਣਦਾ ਹੈ ਉਹ ਮੇਰੀ ਸੁਣਦਾ ਹੈ ਅਤੇ ਜੋ ਕੋਈ ਤੁਹਾਨੂੰ ਰੱਦ ਕਰਦਾ ਹੈ ਉਹ ਮੈਨੂੰ ਰੱਦ ਕਰਦਾ ਹੈ ਅਰ ਜੋ ਕੋਈ ਮੈਨੂੰ ਰੱਦ ਕਰਦਾ ਹੈ ਉਹ ਮੇਰੇ ਭੇਜਣ ਵਾਲੇ ਨੂੰ ਰੱਦ ਕਰਦਾ ਹੈ।

**ਉਸ ਦੇ ਰਾਜਦੂਤ**

2 ਕੁਰਿੰਥੀਆਂ 5:20 ਅਸੀਂ ਮਸੀਹ ਦੇ ਏਲਚੀ ਹਾਂ

ਏਲਚੀਆਂ ਦੇ ਰੂਪ ਵਿੱਚ ਸਾਨੂੰ ਇਹ ਚੀਜ਼ਾਂ ਹਾਸਲ ਹਨ: ਜ਼ਿੰਮੇਵਾਰੀ / ਰਾਜੇ ਦੇ ਬੁਲਾਰੇ ਹੋਣ ਦਾ ਇਖਤਿਆਰ / ਜਿਸ ਵਿਦੇਸ਼ੀ ਰਾਜ ਵਿੱਚ ਅਸੀਂ ਰਹਿੰਦੇ ਹਾਂ ਉਸ ਦੇ ਕਨੂੰਨਾਂ ਅਤੇ ਸ਼ਕਤੀਆਂ ਤੋਂ ਛੋਟ

**ਉਸ ਦੇ ਮਿਸ਼ਨਰੀ**

ਮਰਕੁਸ 16:15-18 ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ **ਖੁਸ਼ ਖਬਰੀ ਦਾ ਪਰਚਾਰ** ਕਰੋ। . . . (17) ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ

ਨਵੀਆਂ ਨਵੀਆਂ ਬੋਲੀਆਂ ਬੋਲਣਗੇ, (18) ਓਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ। ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਓਹ ਚੰਗੇ ਹੋ ਜਾਣਗੇ।

ਕੀ ਸਾਡੇ ਅੰਦਰ ਡਰ ਅਤੇ / ਜਾਂ ਨਕਾਰਾਤਮਕਤਾ ਪੈਦਾ ਹੋਣੀ ਚਾਹੀਦੀ ਹੈ, ਮੱਤੀ 28:20 ਦੱਸਦੀ ਹੈ: ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।

ਇਹ ਆਦੇਸ਼ ਸਾਨੂੰ ਸਿਰਫ਼ ਸਾਡੀ **ਪਛਾਣ** ਹੀ ਨਹੀਂ ਦਿੰਦਾ, ਸਗੋਂ **ਅਧਿਕਾਰ** ਵੀ ਦਿੰਦਾ ਹੈ:

ਲੂਕਾ 10:17-20 ਪ੍ਰਭੂ ਜੀ ਤੇਰੇ ਨਾਮ ਕਰਕੇ **ਭੂਤ ਭੀ ਸਾਡੇ ਵੱਸ ਵਿੱਚ ਹਨ!** (18) ਉਸ ਨੇ ਉਨ੍ਹਾਂ ਨੂੰ ਆਖਿਆ, ਮੈਂ ਸ਼ਤਾਨ ਨੂੰ ਬਿਜਲੀ ਵਾਂਙੁ ਡਿੱਗਾ ਹੋਇਆ ਡਿੱਠਾ। (19) ਵੇਖੋ ਮੈਂ ਤੁਹਾਨੂੰ ਸੱਪਾਂ ਅਤੇ ਠੂੰਹਿਆਂ ਦੇ ਲਿਤਾੜਨ ਦਾ ਅਰ ਵੈਰੀ ਦੀ ਸਾਰੀ ਸ਼ਕਤੀ ਉੱਤੇ **ਇਖ਼ਤਿਆਰ ਦਿੱਤਾ ਹੈ** ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ। (20) ਪਰ ਇਸ ਤੋਂ ਅਨੰਦ ਨਾ ਹੋਵੋ ਕਿ ਰੂਹਾਂ ਤੁਹਾਡੇ ਵੱਸ ਵਿੱਚ ਹਨ ਪਰ ਇਸ ਤੋਂ ਅਨੰਦ ਹੋਵੋ ਭਈ **ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ।**

ਅਤੇ ਜ਼ਿੰਮੇਵਾਰੀ: ਮੱਤੀ 24:14 ਅਤੇ ਰਾਜ ਦੀ ਇਸ ਖ਼ੁਸ਼ ਖ਼ਬਰੀ ਦਾ ਪਰਚਾਰ ਸਾਰੀ ਦੁਨੀਆ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਤਦ ਅੰਤ ਆਵੇਗਾ।

- ਪ੍ਰਭੂ ਯਿਸੂ ਅਤੇ ਸਾਰੀ ਸ੍ਰਿਸ਼ਟੀ ਸਾਨੂੰ ਸਾਡਾ ਕੰਮ ਖਤਮ ਕਰਨ ਦਾ ਇੰਤਜ਼ਾਰ ਕਰ ਰਹੀ ਹੈ

**ਧਰਤੀ ਉੱਤੇ ਉਸ ਦੇ ਕੰਮ ਦੇ ਪ੍ਰਬੰਧਕ, ਉਸ ਦੇ ਸਹਿਕਰਮੀ ਹਾਂ** (1 ਕੁਰਿੰਥੀਆਂ 3:9 ਤੋਂ ਅੱਗੇ)

ਉਤਪਤ 1:27-28 27 ਸੋ ਪਰਮੇਸ਼ਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ . . . (28) ਪਰਮੇਸ਼ਰ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਪਰਮੇਸ਼ਰ ਨੇ ਉਨਾਂ ਨੂੰ ਆਖਿਆ ਕਿ ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ ਅਤੇ ਉਹ ਨੂੰ ਆਪਣੇ **ਵੱਸ ਵਿੱਚ ਕਰੋ** ਅਤੇ ਸਮੁੰਦਰ ਦੀਆਂ ਮੱਛੀਆਂ ਉੱਤੇ ਅਰ ਅਕਾਸ਼ ਦਿਆਂ ਪੰਛੀਆਂ ਉੱਤੇ ਅਰ ਸਾਰੇ ਧਰਤੀ ਪੁਰ ਘਿਸਰਨ ਵਾਲਿਆਂ ਜੀਆਂ ਉੱਤੇ **ਰਾਜ ਕਰੋ।**

1 ਕੁਰਿੰਥੀਆਂ 3:9-15 ਕਿਉਂ ਜੋ **ਅਸੀਂ ਕੰਮ ਕਰਨ ਵਿੱਚ ਪਰਮੇਸ਼ਰ ਦੇ ਸਾਂਝੀ ਹਾਂ**, . . . (10) ਪਰਮੇਸ਼ਰ ਦੀ ਕਿਰਪਾ ਦੇ ਅਨੁਸਾਰ ਜੋ ਮੈਨੂੰ ਦਾਨ ਹੋਈ ਹੈ ਮੈਂ ਸਿਆਣੇ ਰਾਜ ਮਿਸਤਰੀ ਵਾਂਙੁ ਨੀਂਹ ਰੱਖੀ ਅਤੇ ਦੂਜਾ ਉਸ ਉੱਤੇ ਉਸਾਰੀ ਕਰਦਾ ਹੈ। ਸੋ **ਹਰੇਕ ਸੁਚੇਤ ਰਹੇ ਭਈ ਕਿਸ ਤਰਾਂ ਦੀ ਉਸਾਰੀ ਕਰਦਾ ਹੈ।**

**ਤੁਸੀਂ ਚੁਣੇ ਹੋਏ** ਅਤੇ ਨਿਯੁਕਤ ਕੀਤੇ ਗਏ ਹੋ

ਯੂਹੰਨਾ 15:16 ਤੁਸਾਂ ਮੈਨੂੰ ਨਹੀਂ ਚੁਣਿਆ ਪਰ **ਮੈਂ ਤੁਹਾਨੂੰ ਚੁਣਿਆ** ਅਤੇ **ਤੁਹਾਨੂੰ ਠਹਿਰਾਇਆ** ਸੀ ਜੋ ਤੁਸੀਂ ਜਾ ਕੇ ਫਲਦਾਰ ਹੋਵੋ ਅਤੇ ਤੁਹਾਡਾ ਫਲ ਕਾਇਮ ਰਹੇ ਤਾਂ ਜੋ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਪਿਤਾ ਤੋਂ ਮੰਗੋ ਸੋ ਉਹ ਤੁਹਾਨੂੰ ਦੇਵੇ।

ਯੂਹੰਨਾ 15:19 ਤੁਸੀਂ ਜਗਤ ਦੇ ਨਹੀਂ ਹੋ ਪਰ **ਮੈਂ ਤੁਹਾਨੂੰ** ਜਗਤ ਵਿੱਚੋਂ **ਚੁਣ ਲਿਆ** ਇਸ ਕਰਕੇ ਜਗਤ ਤੁਹਾਡੇ ਨਾਲ ਵੈਰ ਕਰਦਾ ਹੈ।

**ਤੁਸੀਂ ਮਾਫ਼ ਕੀਤੇ ਗਏ ਹੋ**

1 ਯੂਹੰਨਾ 2:12 ਹੇ ਬੱਚਿਓ, ਮੈਂ ਤੁਹਾਨੂੰ ਲਿਖਦਾ ਹਾਂ ਇਸ ਲਈ ਜੋ **ਤੁਹਾਡੇ ਪਾਪ** ਉਹ ਦੇ ਨਾਮ ਦੇ ਕਾਰਨ ਤੁਹਾਨੂੰ **ਮਾਫ਼ ਕੀਤੇ ਹੋਏ ਹਨ।**

ਰਸੂਲਾਂ ਦੇ ਕਰਤੱਬ 10:43 ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ **ਪਾਪਾਂ ਦੀ ਮਾਫ਼ੀ ਪਾਵੇਗਾ।**

ਰਸੂਲਾਂ ਦੇ ਕਰਤੱਬ 13:38 ਸੋ ਹੇ ਭਾਈਓ, ਇਹ ਜਾਣੋ ਕਿ ਓਸੇ ਦੇ ਵਸੀਲੇ ਨਾਲ **ਤੁਹਾਨੂੰ ਪਾਪਾਂ ਦੀ ਮਾਫ਼ੀ ਦੀ ਖਬਰ ਦਿੱਤੀ ਜਾਂਦੀ ਹੈ।**

**ਤੁਸੀਂ ਧਰਮੀ ਠਹਿਰਾਏ ਗਏ ਹੋ**

ਰੋਮੀਆਂ 5:1-2 ਸੋ ਜਦੋਂ ਅਸੀਂ ਨਿਹਚਾ ਨਾਲ **ਧਰਮੀ ਠਹਿਰਾਏ** ਗਏ ਤਾਂ ਅਸੀਂ ਆਪਣੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ ਪਰਮੇਸ਼ਰ ਵੱਲ ਸ਼ਾਂਤੀ ਰੱਖੀਏ।

**ਤੁਸੀਂ ਧਰਮੀ ਹੋ**

ਰੋਮੀਆਂ 3:22 ਅਰਥਾਤ **ਪਰਮੇਸ਼ਰ ਦਾ** ਉਹ **ਧਰਮ** ਜਿਹੜਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਪਾਈਦਾ ਹੈ। ਇਹ ਉਨ੍ਹਾਂ ਸਭਨਾਂ ਦੇ ਲਈ ਹੈ ਜਿਹੜੇ ਨਿਹਚਾ ਕਰਦੇ ਹਨ ਕਿਉਂ ਜੋ ਕੁਝ ਭਿੰਨ ਭੇਦ ਨਹੀਂ ਹੈ।

ਰੋਮੀਆਂ 4:5 ਪਰ ਜਿਹੜਾ ਕੰਮ ਨਾ ਕਰ ਕੇ ਉਸ ਉੱਤੇ ਨਿਹਚਾ ਕਰਦਾ ਹੈ ਜੋ ਕੁਧਰਮੀ ਨੂੰ ਧਰਮੀ ਠਹਿਰਾਉਂਦਾ ਹੈ ਉਹ ਦੀ ਨਿਹਚਾ **ਧਰਮ** ਗਿਣੀਦੀ ਹੈ।

**ਤੁਹਾਨੂੰ ਪਵਿੱਤਰ ਕੀਤਾ ਗਿਆ ਹੈ ਇਸ ਲਈ ਤੁਸੀਂ ਇੱਕ ਸੰਤ ਹੋ**

1 ਕੁਰਿੰਥੀਆਂ 1:2 ਅੱਗੇ ਜੋਗ ਪਰਮੇਸ਼ਰ ਦੀ ਕਲੀਸਿਯਾ ਨੂੰ ਜਿਹੜੀ ਕੁਰਿੰਥੁਸ ਵਿੱਚ ਹੈ ਅਰਥਾਤ ਓਹਨਾਂ ਨੂੰ ਜਿਹੜੇ ਮਸੀਹ ਯਿਸੂ ਵਿੱਚ **ਪਵਿੱਤਰ** ਕੀਤੇ ਹੋਏ ਅਤੇ **ਸੰਤ** ਹੋਣ ਲਈ ਸੱਦੇ ਹੋਏ ਹਨ।

ਇਬਰਾਨੀਆਂਆਂ 10:10 ਅਤੇ ਉਸੇ ਇੱਛਿਆ ਕਰਕੇ **ਅਸੀਂ** ਯਿਸੂ ਮਸੀਹ ਦੀ ਦੇਹੀ ਦੇ ਇੱਕੋ ਵਾਰ ਚੜ੍ਹਾਏ ਜਾਣ ਦੇ ਰਾਹੀਂ **ਪਵਿੱਤਰ ਕੀਤੇ ਗਏ ਹਾਂ।**

ਇਬਰਾਨੀਆਂਆਂ 10:14 ਕਿਉਂ ਜੋ ਉਹ ਨੇ ਇੱਕੋ ਭੇਟ ਨਾਲ ਉਨ੍ਹਾਂ ਨੂੰ ਜਿਹੜੇ **ਪਵਿੱਤਰ** ਕੀਤੇ ਜਾਂਦੇ ਹਨ **ਸਦਾ ਲਈ ਸੰਪੂਰਨ** ਕੀਤਾ ਹੈ।

**ਅਸੀਂ** ਪਰਮੇਸ਼ੁਰ ਦੇ **ਜਾਜਕ ਹਾਂ** : **ਚੁਣੇ ਹੋਏ** ਅਤੇ **ਖ਼ਾਸ**

> 1 ਪਤਰਸ 2:9 ਪਰ ਤੁਸੀਂ **ਚੁਣਿਆ** ਹੋਇਆ ਵੰਸ, **ਜਾਜਕਾਂ ਦੀ ਸ਼ਾਹੀ ਮੰਡਲੀ**, ਪਵਿੱਤਰ ਕੌਮ, **ਪਰਮੇਸ਼ਰ ਦੀ ਖਾਸ ਪਰਜਾ** ਹੋ ਭਈ ਤੁਸੀਂ ਉਹ ਦਿਆਂ ਗੁਣਾਂ ਦਾ ਪਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿੱਚ ਸੱਦ ਲਿਆ।

ਇੱਕ ਪਵਿੱਤਰ **ਪਰਜਾ** (ਯੂਨਾਨੀ ਵਿੱਚ – ਏਥਨੋਸ – ਬਾਕੀਆਂ ਤੋਂ ਅਲੱਗ ਕੀਤਾ ਗਿਆ ਜਾਂ ਇੱਕ ਖਾਸ ਸਮੂਹ)

ਅਸੀਂ ਇਹੋ ਹਾਂ। ਇਹੋ ਸਾਡੀ ਪਛਾਣ ਹੈ।

1 ਪਤਰਸ 2:11 ਹੇ ਪਿਆਰਿਓ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ **ਪਰਦੇਸੀ** ਅਤੇ **ਮੁਸਾਫ਼ਰ** ਹੋ ਕੇ ਸਰੀਰਕ ਕਾਮਨਾਂ ਤੋਂ ਪਰੇ ਰਹੋ ਜਿਹੜੀਆਂ ਜਾਨ ਨਾਲ ਲੜਦੀਆਂ ਹਨ।

ਪਰੇ ਰਹੋ ਕਿਉਂ ਜੋ ਤੁਸੀਂ ਇਹ ਨਹੀਂ ਹੋ। ਤੁਸੀਂ ਇੱਕ ਵੱਖਰੇ ਸਮੂਹ ਦੇ ਹੋ, ਇੱਕ ਵੱਖਰੇ ਸਭਿਆਚਾਰ ਤੋਂ, ਇੱਕ ਵੱਖਰੇ ਡੀ ਐਨ ਏ ਤੋਂ

ਇਸ ਲਈ :

> ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿੱਚ ਹਨ। 1 ਯੂਹੰਨਾ 2:15
>
> ਤੁਸੀਂ ਕੌਮਾਂ ਦੀ ਚਾਲ ਨਾ ਸਿੱਖੋ, (ਦੂਸਰੇ ਮੂਲ ਨਿਵਾਸੀ), . . . (3) ਉੱਮਤਾਂ ਦੀਆਂ ਬਿਧੀਆਂ ਤਾਂ ਫੋਕੀਆਂ ਹਨ।
> ਯਿਰਮਿਯਾਹ 10:2-3
>
> ਕਿਉਂਕਿ : ਸੋ ਹੁਣ ਤੋਂ ਤੁਸੀਂ ਓਪਰੇ ਅਤੇ ਪਰਦੇਸੀ ਨਹੀਂ ਸਗੋਂ ਸੰਤਾਂ ਦੇ **ਵਤਨੀ** ਅਤੇ **ਪਰਮੇਸ਼ਰ ਦੇ ਘਰਾਣੇ** ਦੇ ਹੋ
> ਅਫ਼ਸੀਆਂ 2:19
>
> ਜਿਵੇਂ ਉਨ੍ਹਾਂ ਨੇ ਕੀਤਾ, ਤਿਵੇਂ ਹੀ ਅਸੀਂ ਵੀ ਕਰੀਏ : ਮੰਨ ਲਿਆ ਭਈ ਅਸੀਂ ਧਰਤੀ ਉੱਤੇ **ਓਪਰੇ** ਅਤੇ **ਪਰਦੇਸੀ** ਹਾਂ। (14) ਕਿਉਂਕਿ ਜਿਹੜੇ ਅਜੇਹੀਆਂ ਗੱਲਾਂ ਆਖਦੇ ਹਨ ਓਹ ਪਰਗਟ ਕਰਦੇ ਹਨ ਭਈ **ਅਸੀਂ ਆਪਣੇ ਵਤਨ ਨੂੰ ਭਾਲਦੇ ਹਾਂ।** (15) ਅਤੇ ਜੇ ਉਸ ਦੇਸ ਨੂੰ ਜਿਸ ਤੋਂ ਨਿੱਕਲ ਆਏ ਸਨ ਚੇਤੇ ਰੱਖਦੇ ਤਾਂ ਉਨ੍ਹਾਂ ਨੂੰ ਮੁੜ ਜਾਣ ਦਾ ਵੇਲਾ

ਹੁੰਦਾ। (16) ਪਰ ਹੁਣ ਓਹ ਉਸ ਤੋਂ **ਉੱਤਮ ਅਰਥਾਤ ਸੁਰਗੀ ਦੇਸ** ਨੂੰ ਲੋਚਦੇ ਹਨ। ਇਸ ਕਾਰਨ ਪਰਮੇਸ਼ੁਰ ਉਨ੍ਹਾਂ ਦੀ ਵੱਲੋਂ ਨਹੀਂ ਸ਼ਰਮਾਉਂਦਾ ਜੋ ਉਨ੍ਹਾਂ ਦਾ ਪਰਮੇਸ਼ੁਰ ਕਹਾਵੇ ਕਿਉਂ ਜੋ ਉਹ ਨੇ ਉਨ੍ਹਾਂ ਲਈ **ਇੱਕ ਨਗਰੀ ਤਿਆਰ** ਕਰ ਛੱਡੀ ਹੈ। ਇਬਰਾਨੀਆਂ 11:13-16

ਮੱਤੀ 5:13 **ਤੁਸੀਂ ਧਰਤੀ ਦੇ ਲੂਣ ਹੋ।** **ਉਹ ਬਣੋ ਜੋ ਤੁਸੀਂ ਹੋ!**

- ਪਰ ਲੂਣ ਕਿਸ ਕੰਮ ਦਾ ਹੋਵੇਗਾ ਜੇ ਉਹ ਆਪਣਾ ਸੁਆਦ ਖੋਹ ਦੇਵੇ?

ਮੱਤੀ 5:14 **ਤੁਸੀਂ ਜਗਤ ਦੇ ਚਾਨਣ ਹੋ।** **ਉਹ ਬਣੋ ਜੋ ਤੁਸੀਂ ਹੋ!**

- ਇਸੇ ਤਰਾਂ ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਓਹ ਤੁਹਾਡੇ ਸ਼ੁਭ ਕਰਮ ਵੇਖ ਕੇ **ਤੁਹਾਡੇ ਪਿਤਾ** ਦੀ ਜਿਹੜਾ ਸੁਰਗ ਵਿੱਚ ਹੈ ਵਡਿਆਈ ਕਰਨ।

- ਭਲੀ ਗੱਲ ਇਹ ਹੈ ਜੋ ਨਾ ਤੂੰ ਕੋਈ ਇਹੋ ਜਿਹਾ ਕੰਮ ਕਰੇਂ ਜਿਸ ਤੋਂ ਤੇਰਾ ਭਰਾ ਠੇਡਾ ਖਾਵੇ। ਰੋਮੀਆਂ 14:21

ਰਸੂਲਾਂ ਦੇ ਕਰਤੱਬ 15:17 **. . . ਸਾਰੀਆਂ ਪਰਾਈਆਂ ਕੌਮਾਂ ਜੋ ਮੇਰੇ ਨਾਮ ਦੇ ਸਦਾਉਂਦੇ ਹਨ ਪ੍ਰਭੁ ਨੂੰ ਭਾਲਣ।**

ਸਾਡੇ ਪਰਿਵਾਰ ਦਾ ਨਾਮ ਪਿਆਰ ਹੋ ਸਕਦਾ ਹੈ

**ਪਰਮੇਸ਼ੁਰ ਪ੍ਰੇਮ ਹੈ** ਅਤੇ ਜਿਹੜਾ **ਪ੍ਰੇਮ ਵਿੱਚ ਰਹਿੰਦਾ** ਹੈ **ਉਹ ਪਰਮੇਸ਼ੁਰ ਵਿੱਚ ਰਹਿੰਦਾ ਹੈ** ਅਤੇ ਪਰਮੇਸ਼ੁਰ ਓਸ ਵਿੱਚ ਰਹਿੰਦਾ ਹੈ। (17) ਪ੍ਰੇਮ ਸਾਡੇ ਵਿੱਚ ਇਸ ਤੋਂ **ਸੰਪੂਰਨ** ਹੋਇਆ ਹੈ। 1 ਯੂਹੰਨਾ 4:16-17

ਜਿਹੋ ਜਿਹਾ ਪਿਆਰ ਹੈ – ਸਾਡਾ ਪਿਤਾ ਹੈ। ਜਿਹੋ ਜਿਹਾ ਸਾਡਾ ਪਿਤਾ ਹੈ – ਅਸੀਂ ਹਾਂ

ਪ੍ਰੇਮ ਧੀਰਜਵਾਨ - ਕਿਰਪਾਲੂ ਹੈ - ਪ੍ਰੇਮ ਖੁਣਸ ਨਹੀਂ ਕਰਦਾ -ਪ੍ਰੇਮ ਫੁੱਲਦਾ ਨਹੀਂ - ਪ੍ਰੇਮ ਫੂੰ ਫੂੰ ਨਹੀਂ ਕਰਦਾ - ਕੁਚੱਜਿਆਂ ਨਹੀਂ ਕਰਦਾ - ਆਪ ਸੁਆਰਥੀ ਨਹੀਂ - ਚਿੜ੍ਹਦਾ ਨਹੀਂ - ਬੁਰਾ ਨਹੀਂ ਮੰਨਦਾ - ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ - ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ - ਸਭ ਕੁਝ ਝੱਲ ਲੈਂਦਾ - ਸਭਨਾਂ ਗੱਲਾਂ ਦੀ ਪਰਤੀਤ ਕਰਦਾ - ਸਭਨਾਂ ਗੱਲਾਂ ਦੀ ਆਸ ਰੱਖਦਾ - ਸਭ ਕੁਝ ਸਹਿ ਲੈਂਦਾ - ਪ੍ਰੇਮ ਕਦੇ ਟਲਦਾ ਨਹੀਂ 1 ਕੁਰਿੰਥੀਆਂ 13:4-8

1 ਪਤਰਸ 4:8 ਪ੍ਰੇਮ ਬਾਹਲਿਆਂ ਪਾਪਾਂ ਨੂੰ ਢੱਕ ਲੈਂਦਾ ਹੈ। ਯਿਸੂ ਨੇ ਸਾਰੇ ਪਾਪਾਂ ਨੂੰ ਢੱਕ ਲਿਆ!

ਅਸੀਂ ਪਿਆਰ ਵਿੱਚ ਬਣੇ ਰਹੀਏ – ਪਿਆਰ ਨਾਲ ਜੀਵਨ ਬਿਤਾਈਏ – ਆਪਣੇ ਪਰਿਵਾਰ ਦੇ ਨਾਮ ਨੂੰ ਆਦਰ ਅਤੇ ਮਹਿਮਾ ਦੁਆਈਏ – ਆਪਣੇ ਪਿਤਾ ਨੂੰ ਆਦਰ ਤੇ ਮਹਿਮਾ ਦੁਆਈਏ।